Postal No. - Jallandhar Vide No. L-4/PB/JL-0196/2024-2026


Read No. 32212/78

ਲੁਬਾਣਾ ਸੇਵਕ

ਮਾਰਚ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਹੋਲੇ-ਮਹੱਲੇ ਦੀ ਲੱਖ-ਲੱਖ ਵਧਾਈ !









ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਖ਼ਾਲਸੇ ਦਾ ਹੋਲਾ ਮਹੱਲਾ



ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਗੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਕਈ ਵਾਰ ਸਮੇਂ ਦੀਆਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਦੀਆਂ ਹੋਈਆਂ ਵੀ ਖ਼ਾਲਸੇ ਨਾਲ ਸਮਝੌਤੇ ਕਰਦੀਆਂ ਰਹੀਆਂ ਹਨ। ਜਿਵੇਂ ਕਿ 1748ਈ: ਵਿਚ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸੁਲਤਾਨ-ਉੱਲ-ਕੌਮ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੁਗਲਾਂ ਦੀ ਸਮਝੌਤੇ ਦੀ ਆੜ ਵਿਚ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਚਰਨ ਗੰਗਾ ਦੇ ਮੈਦਾਨ ਵਿਚ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜ਼ੂ ਕਰਤੱਵ ਦੇਖਣਯੋਗ ਹੁੰਦੇ ਹਨ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਲੋਕ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਇਸ ਲਹਿਰ ਨੂੰ ਪ੍ਰਚੰਡ ਕਰੀਏ।

ਭਗਵਾਨ ਸਿੰਘ ਲੁਬਾਣਾ

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 03-03-2026 (ਮੰਗਲਵਾਰ)
ਸੰਗਰਾਂਦ - 14-03-2026 (ਸ਼ਨੀਵਾਰ)
ਮੱਸਿਆ - 19-03-2026 (ਵੀਰਵਾਰ)

ਤਤਕਰਾ

ਜਿਲਦ ਨੰ. 41 | ਅੰਕ - 153 | ਮਾਰਚ - 2026

1.	ਖ਼ਾਲਸੇ ਦਾ ਹੋਲਾ ਮਹੱਲਾ	4
2.	ਹੋਲੀ ਕੀਨੀ ਸੰਤ ਸੇਵ॥ ਰੰਗ ਲਾਗਾ ਅਤਿ ਲਾਲ ਦੇਵ॥	6
3.	ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ	8
4.	ਕਲਾ ਵਾਹਿਗੁਰੂ ਜੀ ਕੀ ਵਰਤੇ	10
5.	ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼	13
6.	ਪ੍ਰਦੂਸ਼ਣ ਇੱਕ ਸਮੱਸਿਆ	16
7.	ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ	17
8.	ਬਹੁਪੱਖੀ ਸ਼ਖ਼ਸ਼ੀਅਤ ਸਨ ਪਿੰ. ਵਰਿਆਮ ਸਿੰਘ ਜੀ	20
9.	ਸਾਡੀ ਮਾਂ ਬੋਲੀ ਪੰਜਾਬੀ	21
10.	ਪੰਜਾਬੀ ਦੇ ਲਹਿਜੇ	22
11.	ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	24
12.	ਸਚੁ ਸੁਣਾਇਸੀ ਸੱਚ ਕੀ ਬੇਲਾ	26
13.	ਜੀਵਨ ਵਿਕਾਸ - ਇਕ ਸੰਘਰਸ਼	29
14.	ਗੁਰ ਸਾਗਰ ਦੇ ਸੁੱਚੇ ਮੋਤੀ	30
15.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	31
16.	ਸਿਹਤ ਸੰਭਾਲ	33
17.	ਕਾਵਿ-ਕਿਆਰੀ	35
18.	Applications are invited upto 15.02.2025 from eligible candidates	37
19	Matrimonial	39

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਹੋਲੇ-ਮਹੱਲੇ 'ਤੇ ਵਿਸ਼ੇਸ਼

ਖ਼ਾਲਸੇ ਦਾ ਹੋਲਾ ਮਹੱਲਾ



ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ 'ਹੋਲੀ' ਦੀ ਥਾਂ ਖਾਲਸਾ ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ। ਹੋਲਾ ਮਹੱਲਾ ਮਨਾਉਣ ਦਾ ਮੰਤਵ ਗੁਰਸਿੱਖਾਂ ਅੰਦਰ 'ਫਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲਾ ਮਹੱਲਾ ਵਿਲੱਖਣ ਰੂਪ 'ਚ ਮਨਾਉਣ ਦੀ ਰਵਾਇਤ ਅਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ ਤੇ ਨਵੇਂ ਢੰਗ ਤਰੀਕੇ ਅਪਣਾਏ।

ਮੌਸਮੀ ਤਬੀਦਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ।

ਖਾਲਸਾ ਪਰਮਾਤਮਾ ਦੀ ਮੌਜ ਦਾ ਸਾਕਾਰ ਰੂਪ ਹੈ ਜਿਸ ਨੂੰ ਸੁਹਜ ਅਤੇ ਸਾਜ਼ ਦਸਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖਸ਼ੀ ਹੈ। ਇਸ ਲਈ ਇਸ ਦੀ ਹਰ ਕ੍ਰਿਆਤਮਿਕ ਗਤੀਵਿਧੀ ਚੜ੍ਹਦੀ ਕਲਾ ਅਤੇ ਰੂਹਾਨੀਅਤ ਵਿਚ ਭਿੱਜੀ ਪੇਸ਼ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਮੇਲਿਆਂ, ਇਕੱਠਾਂ ਵਿਚ ਮੌਜ ਮਸਤੀ ਜਾਂ ਵਕਤ ਗੁਜ਼ਾਰੀ ਲਈ ਇਕੱਤਰ ਹੋਣ ਦੀ ਪ੍ਰੇਰਨਾ ਨਹੀਂ ਦਿੱਤੀ ਬਲਕਿ ਇਨ੍ਹਾਂ ਇਕੱਠਾਂ ਨੂੰ ਸਤਿਸੰਗਤ ਦੀ ਰੂਹਾਨੀਅਤ ਨਾਲ ਰੂਹ ਦੀ ਚੜ੍ਹਦੀ ਕਲਾ ਅਤੇ ਆਨੰਦ ਦੇ ਸੋਮੇ ਵਜੋਂ ਸਥਾਪਤ ਕੀਤਾ ਹੈ। ਗੁਰੂ ਖਾਲਸੇ ਦੇ ਪੁਰਬ, ਤਿਉਹਾਰ, ਯਾਦਗਾਰੀ ਸਾਕੇ, ਖਾਲਸਾ ਪੰਥ ਨੂੰ ਨਵੀਂ ਚੇਤਨਾ ਅਤੇ ਰੱਬੀ ਸਰੂਰ ਨਾਲ ਭਰਦੇ ਹਨ। ਉਹ ਆਪਣੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਜੁੜ ਕੇ ਰੱਬੀ ਗੁਣਾਂ ਨਾਲ ਸਾਂਝ ਪਾਉਣ ਲਈ ਤਾਂਘ ਲੈ ਕੇ ਉਤਸ਼ਾਹਿਤ ਨਜ਼ਰ ਆਉਂਦੇ ਹਨ।

ਹੋਲਾ ਮਹੱਲਾ ਖਾਲਸੇ ਦਾ ਬੜੀ ਚੜ੍ਹਦੀ ਕਲਾ ਦਾ ਪੁਰਬ ਹੈ ਜੋ ਬਸੰਤ ਰੁੱਤ ਵਿਚ ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਕਲਗੀਧਰ ਪਾਤਸ਼ਾਹ ਜੀ ਨੇ ਹੋਲਗੜ੍ਹ ਕਿਲ੍ਹੇ 'ਤੇ ਦੀਵਾਨ ਲਗਾ ਕੇ ਸੰਮਤ 1757 ਚੇਤ ਵਦੀ 1 ਨੂੰ ਕੀਤੀ। ਇਸ ਨੂੰ ਹੋਲਾ ਮਹੱਲਾ ਨਾਮ ਦਿੱਤਾ। ਹੋਲਾ ਮਹੱਲਾ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਹਮਲਾ ਅਤੇ ਜਾਯ ਹਮਲਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਸਥਾਨ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240







ਹੋਲਾ ਮਹੱਲਾ ਭਾਵੇਂ ਤਿਉਹਾਰ ਵਾਂਗੂੰ ਮਨੋਰੰਜਨ ਦ੍ਰਿਸ਼ਾਂ ਜਾਂ ਰੁਝੇਵਿਆਂ ਪ੍ਰਤੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਦਾ ਅਸਲ ਰੂਪ ਗਹਿਰੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਸੂਖਮ ਸੂਝ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਖਾਲਸੇ ਲਈ ਆਮ ਦੁਨਿਆਵੀ ਧਰਾਤਲ ਦੀ ਸਥੂਲ ਵੰਨ-ਸੁਵੰਨਤਾ ਅਤੇ ਮਨਪ੍ਰਚਾਵੇ ਵਾਲੀ ਪਰੰਪਰਾਗਤ ਗੀਤ ਨੂੰ ਨਵੇਂ ਵਿਕਾਸਮਈ ਅਤੇ ਵਿਸਮਾਦਮਈ ਮਾਹੌਲ ਵਿਚ ਸਿਰਜ ਕੇ ਇਸ ਨੂੰ ਮਨੁੱਖਤਾ ਦਾ ਨਿਰਭਉ ਅਤੇ ਨਿਰਵੈਰ ਬਾਦਸ਼ਾਹ ਬਣਾਉਣਾ ਚਾਹੁੰਦੇ ਹਨ। ਹੋਲਾ ਮਹੱਲਾ ਕੋਈ ਮਨਪ੍ਰਚਾਵੇ ਵਾਲਾ ਮੇਲਾ ਨਹੀਂ, ਇਸ ਪਿੱਛੇ ਗੁਰੂ ਪਾਤਸ਼ਾਹ ਜੀ ਦੀ ਜੋ ਸੋਚ ਸੀ ਉਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ ਰਤਨ ਸਿੰਘ ਜੱਗੀ ਕਹਿੰਦੇ ਹਨ ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿੱਤੇ ਜਾਂਦੇ। ਗੁਰੂ ਪਾਤਸ਼ਾਹ ਜੀ ਨੇ ਖਾਲਸੇ ਨੂੰ ਜਿਸ ਅਮੀਰੀ ਨਾਲ ਭਰਿਆ ਹੈ ਉਸ ਦੀ ਤੁਲਨਾਤਮ ਵੰਨਗੀ ਲੱਭਣੀ ਬਹੁਤ ਮੁਸ਼ਕਿਲ ਹੈ। ਇਸ ਬਾਰੇ ਵਿਚਾਰ ਦਾ ਕਾਰਨ ਬੜਾ ਸਪਸ਼ਟ ਹੈ ਖਾਲਸਾ ਪਰਮਾਤਮਾ ਦੀ ਮੌਜ 'ਚੋਂ ਪਰਮਾਤਮਾ ਰਾਹੀਂ ਪ੍ਰਗਟ ਹੋਇਆ ਪ੍ਰਤੱਖ ਪਰਮਾਤਮਾ ਹੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਰਮਾਤਮਾ ਆਪਣੇ ਕਿਸੇ ਖਾਸ ਅਸੂਲ ਨੂੰ ਬੜੀ ਸੰਜੀਦਗੀ ਨਾਲ ਗੁਰੂ ਸਾਹਿਬ ਰਾਹੀਂ ਧਰਤੀ 'ਤੇ ਪ੍ਰਗਟ ਕਰ ਰਿਹਾ ਹੈ। ਧਰਤੀ ਇਬਾਦਤੀ ਅਦਬ ਵਿਚ ਪ੍ਰਭੂ ਤੇ ਇਹ ਚੋਜ, ਚੋਜੀ ਪ੍ਰੀਤਮ ਰਾਹੀਂ ਆਪਣੇ ਵਿਹੜੇ ਵਾਪਰਦੇ ਵੇਖ ਕੇ ਵਿਸਮਾਦਿਤ ਹੁੰਦੀ ਹੈ। ਬਨਸਪਤੀ, ਚੰਨ, ਸੂਰਜ, ਤਾਰੇ, ਪਹਾੜ, ਪੰਛੀ ਸਭ ਇਸ ਵਿਸਮਾਦੀ ਵਰਤਾਰੇ ਨਾਲ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ। ਬਸੰਤ ਦੇ ਆਗਮਨ ਨਾਲ ਬਨਸਪਤੀ ਮਉਲ ਉਠੀ, ਮਨ ਮਉਲਿਆ, ਸਾਰਾ ਬ੍ਰਹਿਮੰਡ ਹੀ ਆਨੰਦਿਤ ਅਤੇ ਖਿੜਿਆ ਦਿੱਸ ਆਉਂਦਾ ਹੈ। ਮਨੁੱਖੀ ਸੁਭਾਅ ਮਚਲਦਾ ਆਪਣੇ ਆਪ ਨੂੰ ਕਿਸੇ ਰੰਗ ਵਿਚ ਰੰਙਣ ਲਈ ਲਲਚਾਉਂਦਾ ਆਪਣੀ ਸੌੜੀ ਸਮਝ ਕਰਕੇ ਬਾਹਰੀ ਸ਼ੋਖ ਰੰਗਾਂ ਵਿਚ ਆਪਾ ਰੰਗ ਕੇ ਆਪਣੇ ਅੰਦਰੂਨੀ ਭਾਵ ਪ੍ਰਗਟ ਕਰਦਾ ਝੂਮਰ ਪਾਉਂਦਾ ਹੈ। ਸਮੇਂ ਦੇ ਗੁਜ਼ਰਨ ਨਾਲ ਧਰਤੀ 'ਤੇ ਸਥਾਪਤ ਮਰਿਆਦਾਵਾਂ ਵਿਚ ਸੁਭਾਵਿਕ ਪਰਿਵਰਤਨ ਆਉਂਦਾ ਹੈ। ਉਸ ਨਾਲ ਕਈ ਵਾਰ ਅਸਲ ਧੁੰਧਲਾ ਜਾਂਦਾ ਹੈ ਤੇ ਨਕਲ ਆਪਣਾ ਨਵਾਂ ਰੂਪ ਨਵੇਂ ਤਰੀਕੇ ਨਾਲ ਪੇਸ਼ ਕਰਦੀ ਹੈ। ਚੇਤੰਨ ਕੌਮਾਂ ਨੂੰ ਆਪਣੇ ਵਿਰਸੇ ਪ੍ਰਤੀ ਵਫਾਦਾਰੀ ਵਾਸਤੇ ਨਕਲ ਤੋਂ ਸਾਵਧਾਨੀ ਲਾਜ਼ਮੀ ਹੈ। ਖਾਲਸਾ ਪੰਥ ਨੂੰ ਮੌਜੂਦਾ ਸਮੇਂ ਵਿਚ ਬੜੀ ਜਾਗਰਤੀ ਨਾਲ ਗੁਰਪੁਰਬ ਅਤੇ ਤਿਉਹਾਰ ਮਨਾਉਣ ਦਾ ਉਦਮ ਜਾਰੀ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਖਾਲਿਸ ਰਹਿਨੁਮਾਈ ਨੂੰ ਖਾਲਿਸ ਰੂਪ ਵਿਚ ਹੀ ਕ੍ਰਿਆਤਮਿਕਤਾ ਦੇਣੀ ਚਾਹੀਦੀ ਹੈ। ਇਸ ਵਿੱਚੋਂ ਰੂਹਾਨੀਅਤ ਅਤੇ ਦਾਨਿਸ਼ਪੁਣਾ ਝਲਕਣਾ ਲਾਜ਼ਮੀ ਹੈ। ਖਾਲਸੇ ਨੇ ਰੱਬੀ ਸਰੂਰ ਵਿਚ ਰੰਗੀਜ ਕੇ ਸੂਰਬੀਰਤਾ ਹਾਸਲ ਕਰਨੀ ਹੈ ਅਤੇ ਆਪਣੀ ਤਾਕਤ ਨੂੰ ਸਰਬੱਤ ਦੇ ਭਲੇ ਲਈ ਖਰਚਣਾ ਆਪਣਾ ਪਰਮ ਉਦੇਸ਼ ਸਮਝਣਾ ਹੈ।

ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥

ਹਿੰਦੁਸਤਾਨ ਵਿਚ ਹਰੇਕ ਰੁੱਤ ਬਦਲਣ ਤੇ ਆਪਣੀਆਂ ਦਿਲੀ ਭਾਵਾਂ ਦਾ ਪ੍ਰਗਟਾਵਾ ਕਰਨ ਹਿੱਤ ਕਈ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ। ਹਰ ਤਰ੍ਹਾਂ ਦੀ ਭਾਵਨਾ ਨਾਲ ਕੋਈ ਨਾ ਕੋਈ ਤਿਉਹਾਰ ਜੁੜਿਆ ਹੈ ਜਾਂ ਇਹ ਕਹਿ ਲਵੋ ਕਿ ਹਰ ਤਿਉਹਾਰ ਕਿਸੇ ਭਾਵਨਾ ਨੂੰ ਦਰਸਾਉਂਦਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਰਦੀ ਦੀ ਰੁੱਤ ਦੇ ਖਾਤਮੇ ਵੱਲ ਨੂੰ ਜਾਣ ਦਾ ਅਤੇ ਬਸੰਤ ਰੁੱਤ ਦੀ ਸ਼ੁਰੂਆਤ ਦੀ ਪ੍ਰਤੀਕ ਹੋਲੀ ਦਾ ਤਿਉਹਾਰ ਪੂਰੇ ਉਤਰੀ ਤੇ ਪੂਰਬੀ ਭਾਰਤ ਵਿਚ ਪੂਰੇ ਜ਼ੋਰ-ਸ਼ੋਰ ਨਾਲ ਪ੍ਰਾਚੀਨ ਸਮੇਂ ਤੋਂ ਮਨਾਇਆ ਜਾਂਦਾ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਹੋਲੀ ਦੇ ਮਹੱਤਵ ਨੂੰ ਆਪਣੀ ਬਾਣੀ ਵਿਚ ਦਰਸਾਇਆ ਹੈ। ਪ੍ਰਭੂ ਦੀ ਭਗਤੀ ਨੂੰ, ਦੁਨਿਆਵੀ ਰੰਗਾਂ ਦੀ ਹੋਲੀ ਦਾ ਆਨੰਦ ਮਾਣਦੇ ਹੋਏ ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਪ੍ਰਾਪਤ ਕਰਨ ਦੀ ਜੁਗਤੀ ਦੱਸੀ ਹੈ –

ਗੁਰੂ ਸੇਵਉ ਕਰਿ ਨਮਸਕਾਰ ਆਜ ਹਮਾਰੈ ਮੰਗਲਚਾਰ
ਆਜ ਹਮਾਰੈ ਮਹਾ ਆਨੰਦ ਚਿੰਤ ਲਥੀ ਭੇਟੇ ਗੋਬਿੰਦ
ਆਜ ਹਮਾਰੈ ਗ੍ਰਿਹ ਬਸੰਤ ਗੁਨ ਗਾਏ ਪ੍ਰਭ ਤੁਮ ਬੇਅੰਤ
ਆਜ ਹਮਾਰੇ ਬਨੇ ਫਾਗ ਪ੍ਰਭ ਸੰਗੀ ਮਿਲਿ ਖੇਲਨ ਲਾਗ
ਹੋਲੀ ਕੀਨੀ ਸੰਤ ਸੇਵ ਰੰਗ ਲਾਗਾ ਅਤਿ ਲਾਲ ਦੇਵ।

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਵਿਚੋਂ ਗ਼ੁਲਾਮੀ, ਪ੍ਰਾਧੀਨਤਾ ਨੂੰ ਕੱਢ ਕੇ ਨਵੀਂ ਇਨਕਲਾਬੀ ਰੂਹ ਫੂਕਣਾ ਚਾਹੁੰਦੇ ਸਨ। ਲੋਕਾਂ ਵਿਚ ਗੁਲਾਮੀ ਵਿਚ ਰਹਿ ਕੇ ਛੋਟੇ ਸੁਖ ਸਾਧਨਾ ਦੀ ਪ੍ਰਾਪਤੀ ਤੱਕ ਨੂੰ ਹੀ ਜੀਵਨ

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਸਮਝਣ ਦਾ ਸਮਝੌਤਾ ਕਰ ਲਿਆ ਗਿਆ ਹੋਇਆ ਸੀ। ਸਦੀਆਂ ਤੋਂ ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਣ ਨਾਲ ਹੀ ਇਨ੍ਹਾਂ ਲੋਕਾਂ ਨੇ ਸਮਝੌਤਾ ਕਰ ਲਿਆ ਸੀ। ਗੁਰੂ ਜੀ ਨਿਘਰ ਚੁੱਕੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਤੇ ਉਨ੍ਹਾਂ ਨੂੰ ਪਰ ਨਿਰਭਰਤਾ ਅਤੇ ਡਰ ਵਿਚੋਂ ਕੱਢਣਾ ਚਾਹੁੰਦੇ ਸਨ ਇਸੇ ਲਈ ਗੁਰੂ ਸਾਹਿਬ ਨੇ ਬਦਲਾਅ ਲਿਆਉਣ ਲਈ ਇਕ ਪ੍ਰਚੰਡ ਲਹਿਰ ਪੈਦਾ ਕਰਨ ਲਈ ਸੰਘਰਸ਼ ਅਤੇ ਅਜ਼ਾਦੀ ਦੇ ਅਹਿਸਾਸ ਨਾਲ ਨਿੱਜ ਬੱਲ ਤੇ ਵਿਸ਼ਵਾਸ ਰੱਖ ਕੇ ਸ਼ਾਸ਼ਤਰਾਂ ਦੇ ਜ਼ੋਰ ਨਾਲ ਭੈ ਅਤੇ ਨਿਰਭਰਤਾ ਦੀ ਜ਼ਿੰਦਗੀ ਵਿਚੋਂ ਨਿਕਲ ਕੇ ਆਜ਼ਾਦ ਹੋਂਦ ਵਿਚ ਸਵੈਮਾਣ ਲਈ ਸੰਘਰਸ਼ ਕਰਨਾ, ਮੰਨ ਵਿਚੋਂ ਮੌਤ ਦਾ ਭੈਅ ਕੱਢ ਕੇ ਹਥਿਆਰਬੰਦ ਘੋਲ ਰਾਹੀਂ ਆਜ਼ਾਦੀ ਦੇ ਸੰਘਰਸ਼ ਲਈ ਸੂਰਮਿਆਂ ਵਾਂਗੂੰ ਤੁਰ ਪੈਣ ਦਾ ਰਾਹ ਦੱਸਣ ਲਈ ਇਕ ਕ੍ਰਾਂਤੀਕਾਰੀ ਲਹਿਰ ਦਾ ਮੁੱਢ ਬੰਨ੍ਹਿਆ।



ਇਸ ਸਭ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਕਈ ਨਵੇਂ ਢੰਗ ਤਰੀਕੇ ਤੇ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖਾਂ ਦੀ ਚੜ੍ਹਦੀ ਕਲਾ ਵਾਲੇ ਬੋਲ ਵੀ ਦਿੱਤੇ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨ ਵਿਚ ਬੁਲੰਦ ਹੌਂਸਲੇ ਰੱਖਣ ਦਾ ਸੰਕਲਪ ਦਿੱਤਾ ਗਿਆ। ਹੋਲੀ ਨੂੰ ਹੋਲੇ ਦਾ ਨਾਮ ਦੇਣਾ ਵੀ ਗੁਰੂ ਦਾ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਪ੍ਰਤੀਕ ਹੀ ਸੀ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਜ਼ਿਕਰ ਕੀਤਾ ਹੈ-

ਸ਼ਸਤ੍ਰਨਿ ਕੇ ਅਧੀਨ ਹੈ ਰਾਜ।
ਜੋ ਨ ਸਰਹਿ ਤਿਸ ਬਿਗਰਿਤ ਕਾਜ।
ਯਾਂ ਤੇ ਸਰਬ ਖਾਲਸਾ ਸੁਨੀਅਹਿ।
ਅਯੁਧ ਧਰਿਬੇ ਉਤਮ ਗਨੀਅਹ।
ਜਬਿ ਹਮਰੇ ਦਰਸ਼ਨ ਕੋ ਆਵਹੁ।
ਬਨਿ ਸੁਚੇਤ ਤਨ ਸ਼ਸਤ ਸਜਾਵਹੁ।
ਕਮਰਕੱਸਾ ਕਰਿ ਦੇਹਿ ਦਿਖਾਈ।
ਹਮਰੀ ਖੁਸ਼ੀ ਹੋਇ ਅਧਿਕਾਈ।

ਗੁਰੂ ਜੀ ਨੇ ਸਮੇਂ ਅਨੁਸਾਰ ਅੰਦਰੂਨੀ ਸ਼ਕਤੀ ਦਾ ਬਾਹਰੋਂ ਦਿਖਣਾ ਵੀ ਜ਼ਰੂਰੀ ਕਰ ਵਿਖਾਇਆ। ਮਨੁੱਖ ਨੂੰ ਅੰਦਰੂਨੀ ਬਲ ਦੇ ਨਾਲ-ਨਾਲ ਬਾਹਰੀ ਤੌਰ ਤੇ ਵੀ ਬਲਵਾਨ ਬਨਾਉਣ ਦਾ ਸੰਕਲਪ ਲਿਆ। ਇਸ ਸਭ ਕਾਸੇ ਲਈ ਸ਼ਸਤਰਾਂ ਦਾ ਸਹੀ ਉਪਯੋਗ ਕਰਨ ਤੇ ਜ਼ੋਰ ਦਿੱਤਾ। ਇਸੇ ਪਰਿਵਰਤਨ ਤਹਿਤ ਖਾਲਸ ਪੰਥ ਵਿਚ ਹੋਲੀ ਦੀ ਥਾਂ ਹੋਲਾ-ਮੁਹੱਲਾ ਮਨਾਉਣ ਦਾ ਨਿਰਾਲਾ ਸੰਕਲਪ ਸ਼ੁਰ ਕੀਤਾ ਗਿਆ।

ਹੋਲੀ ਦੇ ਤਿਉਹਾਰ ਨੂੰ ਸ਼ਸਤਰ ਵਿੱਦਿਆ ਅਤੇ ਸ਼ਸਤਰਾਂ ਦੇ ਕਰਤੱਬਾਂ ਨਾਲ ਜੋੜ ਦਿੱਤਾ ਗਿਆ। ਇਸੇ ਲਈ ਸਿੱਖਾਂ ਵਿਚ ਸ਼ਾਸਤਰਾਂ ਨੂੰ ਪੀਰ ਕਿਹਾ ਗਿਆ ਹੈ। ਸ਼ਸਤਰ, ਰਾਜ ਸ਼ਕਤੀ, ਰਾਜ ਵਿਸਥਾਰ ਵਿਵਸਥਾ ਲਈ ਬੜਾ ਜ਼ਰੂਰੀ ਅੰਗ ਹਨ।

ਗੁਰੂ ਸਾਹਿਬ ਹੋਲੇ-ਮਹੱਲੇ ਵਾਲੇ ਦਿਨ ਖ਼ਾਲਸੇ ਨੂੰ ਦੋ ਧੜਿਆਂ ਵਿਚ ਵੰਡ ਕੇ ਫਰਜ਼ੀ ਯੁੱਧ ਕਰਵਾਉਂਦੇ। ਇਕ ਨਿਸ਼ਚਿਤ ਸਥਾਨ ਤੇ ਇਕ ਦਲ ਦੇ ਕਬਜ਼ੇ ਨੂੰ ਦੂਜਾ ਦਲ ਹਮਲਾ ਕਰਕੇ ਯੁੱਧ ਕਰਕੇ ਫਤਿਹ ਕਰਨ ਦੀ ਕੋਸ਼ਿਸ਼ ਕਰਦਾ। ਪੂਰਾ ਯੁੱਧ ਸੱਚੀ ਦੇ ਯੁੱਧ ਵਾਂਗ ਲੜਿਆ ਜਾਂਦਾ। ਨਗਾਰੇ ਵੱਜਦੇ, ਤਲਵਾਰਾਂ ਖੜਕਦੀਆਂ, ਜੈਕਾਰੇ ਵੱਜਦੇ ਜਿੱਤ ਪ੍ਰਾਪਤ ਹੋਣ ਤੇ ਪੂਰੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ, ਗੁਰੂ ਜੀ ਆਪਣਾ ਦਰਬਾਰ ਸਜਾ ਕੇ ਸਿਰੋਪਾਓ ਬਖਸ਼ਿਸ਼ ਕਰਦੇ। ਹੁਣ ਦੇ ਸਮੇਂ ਵਿਚ ਇਹੋ ਖੁਸ਼ੀਆਂ ਮਨਾਉਣਾ ਜਲੂਸ ਦੀ ਸ਼ਕਲ ਵਿਚ ਪ੍ਰਚਲਤ ਹੋ ਗਿਆ ਹੈ। ਜੇਤੂ ਦਲ ਸਮੇਤ ਬਾਕੀ ਸਾਰੇ ਨਿਹੰਗ ਸਿੰਘ ਫੌਜੀ ਸਜ ਧਜ ਕੇ ਹਥਿਆਰਾਂ ਨਾਲ ਲੈਸ ਹੋ ਕੇ ਇਸ ਜਲੂਸ ਵਿਚ ਸ਼ਾਮਲ ਹੁੰਦੇ ਹਨ। ਸਾਰਿਆਂ ਨੂੰ ਗੁਲਾਲ ਲਗਾਇਆ ਜਾਂਦਾ ਹੈ। ਦੀਵਾਨ ਸੱਜਦੇ ਹਨ, ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਘੋੜ ਸਵਾਰੀ ਤੇ ਗਤਕੇਬਾਜ਼ੀ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ।

ਹੋਲੀ ਦਾ ਸੰਬੰਧੀ ਭਗਤ ਪ੍ਰਹਿਲਾਦ ਨਾਲ ਜੋੜਿਆ ਜਾਂਦਾ ਹੈ। ਪ੍ਰਹਿਲਾਦ ਦਾ ਪਿਤਾ ਰਾਜਾ ਹਰਨਾਕਸ਼ ਨੇ ਆਪਣੇ ਪੁੱਤਰ ਨੂੰ ਉਸ ਦੀ ਪੂਜਾ ਕਰਨ ਦੀ ਬਜਾਏ ਪ੍ਰਮਾਤਮਾ ਦੀ ਪੂਜਾ ਕਰਨ ਦੀ ਜਿੱਦ ਕਾਰਨ ਸਬਕ ਸਿਖਾਉਣ ਲਈ ਆਪਣੀ ਭੈਣ ਹੋਲਿਕਾ ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਮਿਲਿਆ ਹੋਇਆ ਸੀ, ਦੀ ਗੋਦ ਵਿਚ ਬਿਠਾ ਕੇ ਪ੍ਰਹਿਲਾਦ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੰਤੂ ਪ੍ਰਹਿਲਾਦ ਦੀ ਜਗ੍ਹਾ ਪ੍ਰਮਾਤਮਾ ਦੇ ਹੁਕਮ ਨਾਲ ਹੋਲਿਕਾ ਸੜ ਗਈ ਅਤੇ ਪ੍ਰਹਿਲਾਦ ਬਚ ਗਿਆ ਸੀ। ਅੱਜ ਦੇ ਸਮੇਂ ਵਿਚ ਵੀ ਸਮਾਜ ਵਿਚ ਬਹੁਤ ਕੁਰੀਤੀਆਂ ਪੈਦਾ ਹੋ ਗਈਆਂ ਹਨ। ਜੋ ਸਮੁੱਚੀ ਮਨੁੱਖਤਾ ਤੇ ਖਾਸਕਰ ਸਿੱਖ ਧਰਮ ਨੂੰ ਬੜਾ ਖੋਰਾ ਲਗਾ ਰਹੀਆਂ ਹਨ। ਅੱਜ ਭਰੂਣ ਹੱਤਿਆ, ਨਸ਼ੇ, ਵਾਤਾਵਰਨ ਦੀ ਖਰਾਬੀ, ਦਹੇਜ ਪ੍ਰਥਾ ਅਜਿਹੀਆਂ ਬੀਮਾਰੀਆਂ ਸਮਾਜ ਨੂੰ ਲੱਗ ਗਈਆਂ ਹਨ ਜਿਨ੍ਹਾਂ ਤੋਂ ਖਹਿੜਾ ਛੁਡਾਉਣਾ ਹੁਣ ਬਹੁਤ ਜ਼ਰੂਰੀ ਹੋ ਗਿਆ ਹੈ। ਅਜੋਕੇ ਸਮੇਂ ਵਿਚ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਸੰਸਾਰ ਦੇ ਪ੍ਰਸੰਗ ਵਿਚ ਪੇਸ਼ ਕਰਨ ਦੀ ਬੜੀ ਲੋੜ ਹੈ।

ਸਿੱਖ ਕੌਮ ਨੂੰ ਦੁਨੀਆਂ ਦੀਆਂ ਦੂਜੀਆਂ ਸਫਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਵਿਰਸੇ ਅਤੇ ਸਰਬਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ ਸਿੱਖੀ ਦੇ ਆਸ਼ੇ ਉਸ ਨੂੰ ਮਨਸ਼ੇ ਨੂੰ ਸਾਕਾਰ ਅਤੇ ਪ੍ਰਾਪਤ ਕਰਨ ਲਈ ਸਮੁੱਚੀ ਸਿੱਖ ਕੌਮ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਤਾਂ ਹੀ ਅਸੀਂ ਦਸਮ ਪਿਤਾ ਕਲਗੀਧਰ ਪਾਤਸ਼ਾਹ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਾਂਗੇ।

ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।


ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

ਗਿਆਨੀ ਹਰਬੰਸ ਸਿੰਘ ਨਿਰਮਲ

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ।... ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।



ਹਰੇਕ ਤਿਉਹਾਰ ਦੇ ਮਨਾਉਣ ਪਿੱਛੇ ਕੋਈ ਨਾ ਕੋਈ ਭਾਵਨਾ ਜ਼ਰੂਰ ਹੁੰਦੀ ਹੈ। ਤਿਉਹਾਰ ਮਨਾਉਂਦਿਆਂ ਇਹ ਖਿਆਲ ਰੱਖਣਾ ਚਾਹੀਦਾ ਕਿ ਕਿਤੇ ਅਸੀਂ ਰਸਮੀ ਤੌਰ 'ਤੇ ਤਾਂ ਨਹੀਂ ਮਨਾ ਰਹੇ!

ਹੋਲੀ ਦਾ ਤਿਉਹਾਰ ਚੇਤ ਸੁਦੀ ਏਕਮ ਨੂੰ ਆਉਂਦਾ ਹੈ ਜੋ ਕਿ ਇਕ ਹਿੰਦੂ ਤਿਉਹਾਰ ਹੀ ਮੰਨਿਆ ਜਾਂਦਾ ਹੈ। 'ਹੋਲੀ' ਸ਼ਬਦ 'ਹੋਰੀ' ਤੋਂ ਪ੍ਰਚਲਤ ਹੋਇਆ ਹੈ। ਹੋਲਿਕਾ (ਢੁੰਡਾ), ਪ੍ਰਹਿਲਾਦ ਦੀ ਭੂਆ ਸੀ। ਇਹ ਤਿਉਹਾਰ ਹੌਲੀ-ਹੌਲੀ ਸ਼ੋਰ-ਸ਼ਰਾਬੇ, ਗੰਦ-ਮੰਦ ਬੋਲਣ, ਸ਼ਰਾਬ ਆਦਿ ਨਸ਼ੇ ਪੀਣ ਤਕ ਹੀ ਸੀਮਤ ਹੋ ਚੁੱਕਾ ਸੀ:

ਮੇਲੇ ਇਸੀ ਹੇਤ ਕੋ ਬਨੇ।
ਇਕ ਤੌ ਲਾਭ ਲੇਨਿ ਕੋ ਆਵੈਂ।
ਸਤਿ ਪੁਰਸ਼ਨਿ ਕੇ ਦਰਸਨ ਪਾਵੈਂ॥੧੯॥
ਮੱਜਹਿਂ ਤੀਰਥ ਕੋ ਉਤਸਾਹੂ।
ਆਵੈਂ ਸਭਿਨਿ ਮਹੋਛਯਾਂ ਮਾਂਹੂ।...
ਹਿੰਦੁਨਿ ਕੇ ਦਿਨ ਹੋਲਿ ਦਿਵਾਲੀ।
ਇੱਤਯਾਦਿਕ ਦਿਨ ਚਲਹਿ ਕੁਚਾਲੀ॥੨੭॥
ਬਿਨਾ ਲਾਜ ਤੇ ਹੁਇ ਨਰ ਨਾਰੀ।
ਕਰਹਿਂ ਖਰਾਬਾ ਕਾਢਤਿ ਗਾਰੀ।

(ਗੁਰਪ੍ਰਤਾਪ ਸੂਰਜ, ਰੁਤ ੩, ਅੰਸੂ ੩੩)

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੮੦ 'ਤੇ ਗੁਰੂ ਅਰਜਨ ਸਾਹਿਬ ਜੀ ਵਲੋਂ 'ਹੋਲੀ' ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਹੈ ਇਕ ਸਤਰ ਵਿਚ 'ਫਾਗ' ਤੇ ਦੂਜੀ ਸਤਰ ਵਿਚ 'ਹੋਲੀ' ਸਪੱਸ਼ਟ ਰੂਪ ਵਰਤਿਆ ਹੈ। ਦੋਨਾਂ ਥਾਵਾਂ 'ਤੇ ਇਕੋ ਹੀ ਅਰਥ ਹੈ। ਸਵਾਲ ਤਾਂ ਇਹ ਹੈ ਕਿ ਸਿੱਖਾਂ ਦੀ ਹੋਲੀ ਕਿਹੋ ਜਿਹੀ ਹੋਣੀ ਚਾਹੀਦੀ ਹੈ?

ਗੁਰੂ ਸਾਹਿਬ ਕਹਿੰਦੇ ਹਨ (ਪਰਮਾਤਮਾ ਦੀ ਸਿਫਤ ਸਾਲਾਹ ਦੀ ਬਰਕਤ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣ ਗਈ ਜੋ ਪ੍ਰਭੂ ਦੇ ਸੰਤ ਜਨ (ਸਾਧ ਸੰਗਤ ਵਿਚ) ਮਿਲ ਕੇ ਇਹ ਹੋਲੀ ਖੇਡਣ ਲੱਗ ਪਏ।

ਬਾਹਰੀ ਰੰਗ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਘਟੀਆ ਕਿਸਮ ਦੇ ਕੈਮੀਕਲ ਪਾ ਕੇ ਰੰਗ ਬਣਾਏ ਜਾਂਦੇ ਹਨ, ਜਿਨ੍ਹਾਂ ਨਾਲ ਸਰੀਰ ਦੀ ਚਮੜੀ ਨੂੰ ਕਈ ਤਰ੍ਹਾਂ ਦੇ ਨੁਕਸਾਨ ਹੋਣ ਦਾ ਡਰ ਹੁੰਦਾ ਹੈ, ਕੀ ਗੰਦ-ਮੰਦ ਲੋਕਾਂ ਉਤੇ ਪਾਉਣ ਦਾ ਨਾਮ ਹੀ ਹੋਲੀ ਹੈ? ਕੀ ਸ਼ਰਾਬ ਆਦਿ ਨਸ਼ੇ ਪੀ ਕੇ ਧੁੱਤ ਪਏ ਰਹਿਣ ਦਾ ਨਾਮ ਹੀ ਹੋਲੀ ਹੈ? ਹਰਗਿਜ਼ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰਸਿੱਖਾਂ ਦੀ ਸੰਗਤ ਕਰਨੀ, ਗੁਰਮੁਖਾਂ ਸਤ-ਸੰਗੀਆਂ ਦੀ ਸੇਵਾ ਕਰਨੀ ਹੀ ਮੇਰੇ ਵਾਸਤੇ ਹੋਲੀ ਹੈ। ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ।

ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥

(ਬਸੰਤ ਮਹਲਾ ੫, ਪੰਨਾ ੧੧੮੦)

ਸਤ-ਸੰਗਤ ਕਰਨੀ, ਹੱਥੀਂ ਸੇਵਾ ਕਰਨੀ ਤੇ ਰੱਬੀ-ਸਿਮਰਨ ਵਿਚ, ਰੱਬੀ-ਪਿਆਰ ਵਿਚ ਗੜੂੰਦ ਹੋਣਾ ਹੀ ਸਿੱਖ ਦੀ ਹੋਲੀ ਹੈ।

ਗੁਰੂ ਸਾਹਿਬ ਨੇ ਹਰ ਇਕ ਤਿਉਹਾਰ ਵਿਚ ਸਾਨੂੰ ਕੋਈ ਨਾ ਕੋਈ ਸੇਧ ਦਿੱਤੀ ਹੈ। ਉਸ ਵੇਲੇ ਹਿੰਦੁਸਤਾਨੀ ਮਾਨਸਿਕਤਾ ਬਹੁਦੇਵ-ਪੂਜਾ ਵਿਚ ਉਲਝ ਚੁੱਕੀ ਸੀ ਅਤੇ ਦਿਖਾਵੇ ਦੇ ਕਰਮਾਂ-ਧਰਮਾਂ ਦੇ ਭਰਮ-ਜਾਲ ਵਿਚ ਬੜੀ ਬੁਰੀ ਤਰ੍ਹਾਂ ਫਸ ਚੁੱਕੀ ਸੀ। ਕਰਮ-ਜਾਲ ਦੀ ਗੁਲਾਮੀ ਦਾ ਜੂਲਾ, ਹਿੰਦੁਸਤਾਨੀਆਂ ਦੇ ਗਲ ਵਿਚ ਪੈ ਚੁੱਕਾ ਸੀ ਅਤੇ ਵਿਦੇਸ਼ੀ ਹਕੂਮਤ ਦਾ ਸਦੀਆਂ ਤੱਕ ਹਿੰਦੁਸਤਾਨ 'ਤੇ ਰਾਜ ਦਾ ਹੋਣਾ, ਹੋਰ ਵੀ ਦੁਰਦਸ਼ਾ ਦਾ ਕਾਰਨ ਸੀ ਜਿਸ ਵਿਚ ਭਾਰਤ ਵਾਸੀ ਨਾ ਘੋੜੇ 'ਤੇ ਚੜ੍ਹ ਸਕਦਾ ਸੀ, ਨਾ ਪੱਗ ਬੰਨ੍ਹ ਸਕਦਾ ਸੀ; ਸਿਰ 'ਤੇ ਪੱਗ ਕੇਵਲ ਉਹੋ ਹੀ ਰੱਖ ਸਕਦਾ ਸੀ, ਜਿਸ ਨੂੰ ਸਰਕਾਰੀ ਤੌਰ 'ਤੇ ਮਿਲੀ ਹੋਵੇ। ਨਾ ਹੀ ਉੱਚੀ ਜਗ੍ਹਾ 'ਤੇ ਬੈਠਣਾ ਕਿਸੇ ਨੂੰ ਨਸੀਬ ਸੀ, ਨਾ ਕੋਈ ਹਥਿਆਰ ਰੱਖ ਸਕਦਾ ਸੀ। ਹਥਿਆਰ ਰੱਖਣੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਸੇ ਦੀ ਜ਼ਨਾਨੀ ਨੂੰ ਇਕ ਮੁਸਲਮਾਨ ਨਵਾਬ ਦੇ ਬੰਦੇ ਖੋਹ ਕੇ ਲੈ ਗਏ। ਉਹ ਸਾਰੇ ਰਲ ਕੇ ਗੁਰੂ ਸਾਹਿਬ ਕੋਲ ਆ ਫਰਿਆਦੀ ਹੋਏ। ਆ ਕੇ ਕਿਹਾ, ਜੀ! ਮੇਰੀ ਵਹੁਟੀ ਨੂੰ ਨਵਾਬ ਦੇ ਬੰਦੇ ਖੋਹ ਕੇ ਲੈ ਗਏ ਹਨ।

ਗੁਰੂ ਜੀ : ਉਹ ਕਿੰਨੇ ਆਦਮੀ ਸਨ?

ਫਰਿਆਦੀ : ਜੀ, ਉਹ ਚਾਰ ਆਦਮੀ ਸਨ।

ਗੁਰੂ ਜੀ : ਤੁਸੀਂ ਕਿੰਨੇ ਸਓ?

ਫਰਿਆਦੀ : ਜੀ, ਅਸੀਂ ਵੀਹ ਸਾਂ।

ਗੁਰੂ ਜੀ : ਹੈਰਾਨਗੀ ਦੀ ਗੱਲ ਆ ਕਿ ਲੁਟੇਰੇ ੪ ਸਨ ਤੇ ਮੂਰਤੀਆਂ ਵੀਹ!

ਕਹਿਣ ਤੋਂ ਭਾਵ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਦੇ ਵੀ ਢਹਿੰਦੀ ਕਲਾ ਵਿਚ ਨਹੀਂ ਜਾਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ; ਜਿਵੇਂ ਇਕ ਨੂੰ ਸਵਾ ਲੱਖ, ਟੁੰਡੇ ਨੂੰ ਲਖਬਾਂਹਾ, ਗੰਜੇ ਨੂੰ ਕਲਗਾ ਸਿੰਘ, ਲੰਗੜੇ ਨੂੰ ਸੁਚਾਲਾ, ਕਾਣੇ ਨੂੰ ਲਖ-ਨੇਤਰਾ, ਅੰਨ੍ਹੇ ਨੂੰ ਸੂਰਮਾ ਸਿੰਘ, ਤਾਪ ਚੜ੍ਹੇ ਨੂੰ ਆਕੜ ਭੰਨ, ਭੁੱਖੇ ਨੂੰ ਕੜਾਕਾ ਕੱਟ ਰਿਹਾ, ਮਰ ਗਏ ਨੂੰ ਚੜ੍ਹਾਈ ਕਰ ਗਿਆ, ਭੁੱਜੇ ਛੋਲਿਆਂ ਨੂੰ ਬਦਾਮ, ਤਲਵਾਰ ਨੂੰ ਸ੍ਰੀ ਸਾਹਿਬ, ਤੇਗ ਨੂੰ ਤੇਗਾ, ਦਾੜ੍ਹੀ ਨੂੰ ਦਾੜ੍ਹਾ, ਮੁੱਛਾਂ ਨੂੰ ਮੁਛਹਿਰਾ, ਪੱਗ ਨੂੰ ਦਸਤਾਰਾ ਆਦਿ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਵੀ ਨਿਹਾਲ ਸਿੰਘ ਜੀ ਲਿਖਦੇ ਹਨ :

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਰਦੌਨਾ ਟੋਲਾ ਹੈ।
ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :

'ਹਮਲਾ ਅਤੇ ਜਾਯ ਹਮਲਾ। ਹੱਲਾ ਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦੇਂਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ।'

(ਮਹਾਨ ਕੋਸ਼, ਪੰਨਾ ੨੮੩, ਪ੍ਰਕਾਸ਼ਕ ਭਾਸ਼ਾ ਵਿਭਾਗ)

ਚੇਤ ਸੁਦੀ ਏਕਮ ਸੰਮਤ ੧੭੫੭ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਨੂੰ ਸਦਾ ਚੜ੍ਹਦੀਆਂ ਕਲਾਂ ਬਖ਼ਸ਼ਣ ਲਈ, ਹੌਂਸਲੇ ਬੁਲੰਦ ਕਰਨ ਲਈ, ਜੰਗੀ ਅਭਿਆਸ ਕਰਾਏ। ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਖਾਸ ਨਿਸ਼ਾਨਾ ਮਿਥ ਕੇ ਉਸ 'ਤੇ ਇਕ ਦਲ ਕਾਬਜ਼ ਹੋ ਬੈਠਦਾ, ਦੂਸਰੇ ਦਲ ਨੂੰ ਉਸ ਤੋਂ ਕਬਜ਼ਾ ਲੈਣ ਵਾਸਤੇ ਹਮਲਾ ਕਰਨ ਲਈ ਆਖਿਆ ਜਾਂਦਾ। ਦੋਵੇਂ ਦਲ ਆਪੋ-ਆਪਣੀ ਤਾਕਤ ਦਾ ਮੁਜਾਹਰਾ ਕਰਦੇ, ਜ਼ੋਰ ਅਜ਼ਮਾਈ ਹੁੰਦੀ। ਇਕ ਦਲ ਕਬਜ਼ਾ ਬਰਕਰਾਰ ਰੱਖਣ ਲਈ ਜ਼ੋਰ ਲਾਉਂਦਾ, ਦੂਜਾ ਕਬਜ਼ਾ ਲੈਣ ਵਾਸਤੇ ਜ਼ੋਰ ਲਾਉਂਦਾ। ਜੰਮ ਕੇ ਲੜਾਈ ਹੁੰਦੀ, ਟਾਕਰਾ ਹੁੰਦਾ, ਨਗਾਰੇ ਧੌਂਸੇ ਵੱਜਦੇ, ਤਲਵਾਰਾਂ 'ਤੇ ਤਲਵਾਰਾਂ ਖੜਕਦੀਆਂ, ਫਤਿਹ ਦੇ ਜੈਕਾਰੇ ਗੂੰਜਦੇ, ਫਿਰ ਫੌਜੀ ਸਜ-ਧਜ ਨਾਲ ਨਗਾਰੇ, ਰਣਸਿੰਘਿਆਂ ਦੀ ਘਨਘੋਰ ਵਿਚ ਇਕ ਜਲੂਸ ਨਿਕਲਦਾ, ਸਾਰੇ ਨਗਰ ਦਾ ਚੱਕਰ ਲਾਇਆ ਜਾਂਦਾ। ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦੇ ਸਮੇਂ ਇਹ ਨਜ਼ਾਰੇ ਦੇਖਣ ਨੂੰ ਮਿਲਦੇ ਹਨ।

ਪਰ ਖ਼ਾਲਸਾ ਜੀ! ਅੱਜ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਵਧੇਰੇ ਲੋੜ ਹੈ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ? ਕੀ ਇਹ ਦਿਨ-ਤਿਉਹਾਰ ਰਸਮੀ ਤੌਰ 'ਤੇ ਮਨਾਉਣ ਤੱਕ ਹੀ ਸੀਮਤ ਰਹਿਣਾ ਹੈ ਜਾਂ ਇਨ੍ਹਾਂ ਵਿਚੋਂ ਸਿੱਖਣ ਦੀ ਜਾਂ ਕੁਝ ਹੋਰ ਕਰਨ ਦੀ ਵੀ ਲੋੜ ਹੈ? ਗੁਰੂ ਸਾਹਿਬ ਨੇ ਕਰਨੀ ਨੂੰ ਪ੍ਰਧਾਨ ਮੰਨਿਆ ਹੈ :

ਕਰਣੀ ਬਿਨਾ ਤਰਹਿ ਨਹਿਂ ਕੋਊ।
ਕਰਣੀ ਖਾਲੀ ਜਾਇ ਨ ਸੋਊ ॥੩੦॥
ਧਰਿ ਧਰਿ ਬੇਖ ਦੇਤਿ ਉਪਦੇਸ਼।
ਬਿਨ ਕਰਣੀ ਦੁਖ ਪਾਇਂ ਵਿਸ਼ੇਸ਼।

(ਉਹੀ)

ਕਲਾ ਵਾਹਿਗੁਰੂ ਜੀ ਕੀ ਵਰਤੇ

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਅਰਦਾਸ ਇਕ ਤਰਲਾ ਹੈ, ਕਲਾ ਜਾਂ ਸ਼ਕਤੀ ਤਾਂ ਉਸ ਵਾਹਿਗੁਰੂ ਦੀ ਹੀ ਵਰਤਦੀ ਹੈ। ਮਨੁੱਖਤਾ ਇਕ ਨਿਰਬਲ ਜਿਹਾ ਜੀਵ ਹੈ ਇਸ ਦਾ ਕੀਤਾ ਕੀ ਹੋ ਸਕਦਾ ਹੈ।

ਕਿਆ ਮਾਨੁਖ ਕਹਹੁ ਕਿਆ ਜੋਰੁ? ਗਾਉੜੀ ਗੁਆਰੇਰੀ ਮ: 5 (ਅੰਗ - 178)

ਸਭ ਕੁਝ ਉਸ ਦੀ ਮਰਜ਼ੀ ਨਾਲ ਹੋ ਰਿਹਾ ਹੈ ਉਸ ਦੀ ਸ਼ਕਤੀ ਨਾਲ ਹੀ ਹੋ ਰਿਹਾ ਹੈ।

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਨਰ ਸਕੀਐ।

ਅਪਣਾ ਕੀਤਾ ਕਿਛੁ ਨਾ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ।

ਅਸਾ ਜੋਰੁ ਨਾਹੀ ਜੇ ਕਿਛੁ ਕੀਰ ਹਮ ਸਾਕਹੁ ਜਿਉ ਭਾਵੈ ਤਿਵੈ ਬਖਸਿ। ਸੂਹੀ ਮ: 4 (ਅੰਗ - 736)

ਮਨੁੱਖ ਚਤੁਰਾਈਆਂ ਨਹੀਂ ਛੱਡਦਾ, ਮੇਰੇ ਜਿਨ੍ਹਾਂ ਕੋਈ ਤਾਕਤਵਰ ਨਹੀਂ ਜੋ ਕੁਝ ਹੋਇਆ ਮੇਰੇ ਕਰਕੇ ਹੀ ਹੋਇਆ ਹੈ। ਪਰ ਗੁਰੂ ਸਾਹਿਬ ਤਾਂ ਕਹਿੰਦੇ ਹਨ –

ਅਤਿ ਸੂਰਾ ਜੇ ਕੋਊ ਕਹਾਵੈ।

ਪ੍ਰਭ ਕੀ ਕਲਾ ਬਿਨਾ ਕਹ ਧਾਵੈ? ਗਾਉੜੀ ਮ: 5 (ਅੰਗ - 282)

ਹਰ ਸੂਰਤ ਕਲਾ ਤਾਂ ਵਾਹਿਗੁਰੂ ਦੀ ਹੀ ਵਰਤਣੀ ਹੈ। ਉਹ ਹੀ ਕਲਾਧਾਰੀ ਹੈ, ਉਹ ਹੀ ਸਾਰੇ ਹੁਨਰਾਂ ਦਾ ਕਰਤਾ ਧਰਤਾ ਹੈ, ਉਹ ਆਪ ਹੀ ਸਾਰੀਆਂ ਕਲਾਵਾਂ ਨਾਲ ਖੇਲਦਾ ਹੈ।

ਕੋਟਿ ਕਲਾ ਖੇਲੈ ਗੋਪਾਲ। ਕਬੀਰ (ਅੰਗ - 1165)

ਸਾਰੇ ਬ੍ਰਹਿਮੰਡ ਦੀ ਰਚਨਾ ਵੀ ਉਸ ਸ਼ਕਤੀਸ਼ਾਲੀ ਵਾਹਿਗੁਰੂ ਦੀ ਦੇਣ ਹੈ। ਉਸ ਨੇ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੋਈ ਹੈ। ਅਗਨੀ ਨੂੰ ਵੀ ਬਾਲਣ ਵਿਚ ਬੰਨ ਕੇ ਰੱਖਿਆ ਹੋਇਆ ਹੈ। ਸਾਰੇ ਜੀਵਾਂ ਦਾ ਖਾਣ ਪੀਣ ਦਾ ਬੰਦੋਬਸਤ ਕੀਤਾ ਹੋਇਆ ਹੈ। ਧਰਤੀ, ਸੂਰਜ, ਚੰਦਰਮਾਂ ਨੂੰ ਆਪਣੀ-ਆਪਣੀ ਜਗ੍ਹਾ ਟਿਕਾ ਕੇ ਰੱਖਿਆ ਹੋਇਆ ਹੈ। ਇਥੋਂ ਤੱਕ ਕਿ ਘਿਉ ਵੀ ਦੁੱਧ ਵਿਚ ਸਮਾਇਆ ਹੋਇਆ ਹੈ।

ਕਲਾ ਉਪਾਇ ਧਰੀ ਜਿਨਿ ਧਰਣਾ। ਗਗਨ ਰਮਇਆ ਹੁਕਮੇ ਚਰਣਾ।

ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ।

ਜੀਅ ਜੰਤ ਕਉ ਰਿਜਕੁ ਸੰਬਾਹੇ। ਕਰਣ ਕਾਰਣ ਸਮਰਥ ਆਪਾਹੇ।

ਖਿਨਾ ਮਹਿ ਥਾਪ ਉਥਾਪਨ ਹਾਰਾ ਸੋਈ ਤੇਰਾ ਸਹਾਈ ਹੇ। ਗ : 5 (ਅੰਗ 1071)

ਉਹ ਤਾਂ ਜੇਕਰ ਇਕ ਕੀੜੀ ਵਿਚ ਵੀ ਆਪਣੀ ਕਲਾ ਬਖਸ਼ ਦੇਵੇ ਤੇ ਉਹ ਲਸ਼ਕਰਾਂ ਨੂੰ ਮੁਕਾ ਸਕਦੀ ਹੈ।

ਨੀਕੀ ਕੀਰੀ ਮਹਿ ਕਲ ਰਾਖੈ।

ਭਸਮ ਕਰੈ ਲਸਕਰ ਕੋਟਿ ਲਾਖੈ। ਮਾ : 5 (ਅੰਗ - 285)

ਕਲਾ ਤਾਂ ਭਾਈ ਮੰਝ ਤੇ ਵਰਤੀ ਇਸੇ ਤਰ੍ਹਾਂ ਭਾਈ ਬਹਲੋ ਅਤੇ ਭਾਈ ਸਾਹਲੋ ਤੇ ਵੀ ਵਰਤੀ। ਭਾਈ ਮੰਝ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ –

ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ।

ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ। (ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ)

ਭਾਈ ਬਹਿਲੋ ਦੀ ਸੇਵਾ ਤੋਂ ਵੀ ਪ੍ਰਸੰਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ –

ਭਾਈ ਬਹਿਲੋ, ਸਭ ਤੋ ਪਹਿਲੋ।

ਭਾਈ ਸਾਹਲੋ ਨੂੰ ਗੁਰੂ ਅਰਜਨ ਦੇਵ ਜੀ ਨੇ 'ਸਿੱਖੀ ਦਾ ਕੋਤਵਾਲ' ਦਾ ਖਿਤਾਬ ਦਿੱਤਾ ਸੀ।

ਇਹ ਗੁਰਸਿੱਖੀ ਕਾ ਕੋਤਵਾਲ, ਖੋਟੇ ਖਰੇ ਕੀ ਕਰੇ ਸੰਭਾਲ। (ਗੁਰ ਪ੍ਰਤਾਪ ਸੂਰਜ)

ਅਰਦਾਸ ਵਿਚ ਅਸੀਂ ਨਾਮ ਦਾਨ ਮੰਗਦੇ ਹਾਂ। ਨਾਮ ਕੀ ਹੈ? ਇਸ ਦਾ ਵਰਨਣ ਅਸੰਭਵ ਹੈ। ਜਨਮ ਸਾਖੀ ਵਿਚ ਆਉਂਦਾ ਹੈ, ਮਿਡ ਕੋਟ ਵਿਚ ਇਕ ਫਕੀਰ ਮੀਆਂ ਮਿੱਠਾ ਜੀ ਸਨ, ਜਿਸ ਨਾਲ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਚਰਚਾ ਹੋਈ। ਇਸ ਚਰਚਾ ਦੌਰਾਨ ਮੀਆਂ ਮਿੱਠਾ ਜੀ ਨੇ ਪੁੱਛਿਆ, "ਨਾਮ ਕੀ ਹੈ?" ਗੁਰੂ ਬਾਬੇ ਨੇ ਜੁਆਬ ਦਿੱਤਾ, "ਮੀਆਂ ਮਿਠਿਆ, ਉਸ ਨਾਮ ਦੀ ਨੀਅਤ ਕਦੇ ਕਿਸੇ ਪਾਈ ਹੈ? ਇਹ ਸਮਝਣ ਦੀ ਗੱਲ ਨਹੀਂ, ਅਨੁਭਵ ਕਰਨ ਦੀ ਗੱਲ ਹੈ।" ਮੀਆਂ ਮਿੱਠੇ ਨੇ ਬੇਨਤੀ ਕੀਤੀ, "ਮੈਨੂੰ ਇਸ ਗੁਪਤ ਵਸਤੂ ਦਾ ਗਿਆਨ ਦਿਓ।" ਤਦ ਬਾਬੇ ਨੇ ਆਖਿਆ, "ਮਿਠਿਆ, ਕੰਨ ਧਰ ਕੇ ਸੁਣ, ਤੈਨੂੰ ਕੁਝ ਸੁਣੀਂਦਾ ਹੈ?" ਮੀਆਂ ਮਿੱਠੇ ਨੇ ਉੱਤਰ ਦਿੱਤਾ, "ਜੀ ਨਹੀਂ।" ਤਾਂ ਬਾਬੇ ਨੇ ਮਿੱਠੇ ਦੀ ਬਾਂਹ ਪਕੜੀ (ਕਲਾ ਵਰਤ ਗਈ) ਤੇ ਕਿਹਾ, ਮਿੱਠਿਆ, ਹੁਣ ਤੈਨੂੰ ਕੁਝ ਸੁਣੀਂਦਾ ਹੈ?" ਤਾਂ ਮੀਆਂ ਮਿੱਠਾ ਬੋਲਿਆ, "ਜੀ ਦੀਨਾ ਨਾਥ, ਮੈਨੂੰ ਤਾਂ ਅਤੁਟ ਹਿਰ ਰੋਮ ਰੋਮ ਵਿਚ ਨਾਮ ਦੀਆਂ ਚਲ ਰਹੀਆਂ ਪ੍ਰਤੀਤ ਹੁੰਦੀਆਂ ਪਈਆਂ ਹਨ।" ਇਹ ਨਾਮ ਦੀ ਅਕੱਥ ਵਸਤੂ ਅਨੁਭਵ ਦੀ ਚੀਜ਼ ਹੈ। ਬਾਬੇ ਨਾਨਕ ਨੇ ਕਿਹਾ ਤ੍ਰਿਲੋਕੀ ਵਿਚ ਸਭਸ ਦਾ ਅਧਾਰ ਇਹ (ਨਾਮ) ਹੀ ਹੈ।

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮ ਕਰਤਾਰ।

ਐਥੇ ਉਥੈ ਆਸੈ ਪਾਛੈ ਏਹੁ ਮੇਰਾ ਆਧਾਰੁ। ਮ : 1 (ਪੰਨਾ - 358)

ਇਸ ਤੋਂ (ਨਾਮ) ਸਾਰੀ ਸਿਰਜਨਾ ਹੋਈ ਹੈ।

ਨਾਮੈ ਹੀ ਤੇ ਸਭੁ ਕਿਛੁ ਹੋਆ.....। ਮ : 3 (ਅੰਗ - 753)

ਏਹੋ ਸਭ ਲੋਕਾਂ, ਖੰਡਾਂ, ਬ੍ਰਹਮੰਡਾਂ, ਅਕਾਸ਼, ਪਤਾਲ ਨੂੰ ਸਾਰ ਰਿਹਾ ਹੈ।

ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।

ਨਾਮ ਕੇ ਧਾਰੇ ਆਗਾਸ ਪਾਤਾਲ। ਨਾਮ ਕੇ ਧਾਰੇ ਸਗਲ ਆਕਾਰ।

ਨਾਮ ਕੇ ਧਾਰੇ ਪੁਰੀਆ ਸਭ ਭਵਨ। ਨਾਮ ਕੈ ਧਾਰੇ ਸੰਗਿ ਉਧਰੇ ਸੁਨਿ ਸ੍ਰਵਨ। ਮ : 5 (ਅੰਗ - 284)

ਇਸ ਕਲਾ ਨੂੰ ਕੋਈ ਰੋਕ ਨਹੀਂ ਸਕਦਾ, ਮੇਟ ਨਹੀਂ ਸਕਦਾ।

ਪ੍ਰਭ ਕੀ ਕਲਾ ਨ ਮੇਟੀ ਜਾਈ। (ਕਬੀਰ) ਅੰਗ - 1159

ਚਾਹੇ ਸਾਡਾ ਸਰੀਰ ਹੋਵੇ, ਬਲ ਹੋਵੇ, ਬੁਧੀ ਹੋਵੇ, ਉੱਦਮ ਹੋਵੇ, ਸਾਡੀ ਕੋਈ ਵੀ ਕਿਰਿਆ ਹੋਵੇ, ਸਾਡਾ ਗਿਆਨ ਹੋਵੇ, ਸਭ ਇਸ ਕਲਾ ਦੇ ਆਸਰੇ ਕਾਇਮ ਹਨ। ਇਸ ਆਸਰੇ ਇਸ ਦੀ ਪਤ ਨਿਭ ਰਹੀ ਹੈ।

ਪੰਚ ਬੈਲ ਗਡੀਆਂ ਦੇਹ ਧਾਰੀ।

ਰਾਮ ਕਲਾ ਨਿਬਹੈ ਪਤਿ ਸਾਰੀ॥ ਮ : 5 (ਅੰਗ - 879)

ਮਨ ਆਤਮਾ ਦੇ ਪ੍ਰਕਾਸ਼ ਨਾਲ ਚੇਤੰਨ ਹੁੰਦਾ ਹੈ। ਜਦੋਂ ਤੱਕ ਉਸ ਅਕਾਲ ਪੁਰਖ ਦੀ ਬਖਸ਼ਿਸ਼ ਪ੍ਰਾਪਤ ਨਹੀਂ ਹੁੰਦੀ ਉਸ ਸਮੇਂ ਤੱਕ ਮਨ ਹਉਮੈ ਦੇ ਅਧੀਨ ਰਹਿੰਦਾ ਹੈ। ਮੈਂ ਮੇਰੀ ਨਾਲ ਸਬੰਧ ਕਾਇਮ ਰੱਖਦਾ ਹੈ। ਮੈਂ ਕੀਤਾ? ਮੈਂ ਇਹ ਸੋਚਿਆ? ਮੇਰੇ ਕਰਕੇ ਇਹ ਹੋ ਗਿਆ ਆਦਿ।

ਪਰ ਕਲਾ ਵਰਤਣ ਤੋਂ ਬਾਅਦ ਜਦੋਂ ਮਨ ਨਿਮਰਤਾ ਵਿਚ ਢਲਦਾ ਹੈ ਤਾਂ ਉਹ ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਦਾ ਹੈ। ਤਾਂ ਉਸ ਦੀ ਕਰਣੀ ਉੱਚੀ ਹੋ ਜਾਂਦੀ ਹੈ।

ਕਰਣੀ ਊਚੀ ਨਿਤ ਕਰਹਿ ਰਾਖਹਿ ਮਨ ਨੀਵਾਂ॥ ਗੁਰ ਪ੍ਰਤਾਪ ਸੂਜ, ਰੁਤ 3 (ਅੰਗ - 43)

ਜਿਨ੍ਹਾਂ ਦੇ ਮਨ ਅੰਦਰ ਗੁਰੂ ਦਾ ਉਪਦੇਸ਼ ਵਸ ਜਾਂਦਾ ਹੈ, ਉਹ ਪੂਰੀ ਮਤਿ ਵਾਲੇ (ਪਰਧਾਨ) ਹੁੰਦੇ ਹਨ।

ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨਮੰਤ॥ (ਮ : 5 (ਅੰਗ - 259)

ਵਾਹਿਗੁਰੂ ਕਹਿੰਦੇ ਹਨ ਕਿ ਜੋ ਸਾਨੂੰ ਉੱਚੀ ਮਤ ਗ੍ਰਹਿਣ ਕਰਵਾਏ ਅਤੇ ਨੀਵੀਂ ਮਤ ਛੁਡਾਵੇ ਤਾਂ ਮੈਂ ਉਸ ਦੇ ਚਰਨ ਧੋ ਧੋ ਕੇ ਪੀਵਾਂਗਾ।

ਮਤਝੀ ਕਾਂਢ ਕੁਆਹ ਪਾਵ ਧੋਵੰਦੋ ਪੀਵਸਾ। ਮ : 5 (ਅੰਗ - 1099)

ਸਾਡੀ ਬੁੱਧੀ ਕਿਸੇ ਸਮੇਂ ਵੀ ਭ੍ਰਸ਼ਟ ਹੋ ਸਕਦੀ ਹੈ। ਇਸ ਦਾ ਮਾਣ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹੋ ਅਰਦਾਸ ਕਰਨੀ ਬਣਦੀ ਹੈ–

ਮਨ ਨੀਵਾਂ, ਮਤਿ ਉੱਚੀ, ਮਤਿ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ।

ਅਰਦਾਸ ਵਿਚ ਦੇਗ ਚਲਾਈ ਅਤੇ ਦੇਗ ਵਾਹੀ ਸ਼ਬਦ ਵੀ ਉਚਾਰੇ ਜਾਂਦੇ ਹਨ। ਦੇਗ ਦਾ ਅਰਥ ਹੈ ਖੁਲ੍ਹੇ ਮੂੰਹ ਵਾਲਾ ਭਾਂਡਾ। ਦੇਗ ਨੂੰ ਅਸੀਂ ਕੜਾਹ ਪ੍ਰਸ਼ਾਦ ਲਈ ਵੀ ਵਰਤਦੇ ਹਾਂ। ਦੇਗ ਤੋਂ ਬਿਨਾਂ ਨਾ ਸ਼ਕਤੀ ਆਉਂਦੀ ਹੈ ਤੇ ਨਾ ਹੀ ਭਗਤੀ ਹੋ ਸਕਦੀ ਹੈ। ਭਗਤ ਕਬੀਰ ਜੀ ਨੇ ਤਾਂ ਸਾਫ਼ ਹੀ ਕਹਿ ਦਿੱਤਾ ਹੈ –

ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ। ਕਬੀਰ (ਅੰਗ - 653)

ਦੇਗ ਦੀ ਬਖਸ਼ਿਸ਼ ਤਾਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਸ਼ੁਰੂ ਹੋ ਗਈ ਸੀ। ਜਦ ਬਾਬਾ ਜੀ ਸੁਲਤਾਨਪੁਰ ਤੋਂ ਏਮਨਾਬਾਦ ਨੂੰ

ਰਵਾਨਾ ਹੋਏ ਤਾਂ ਸੁਲਤਾਨਪੁਰ ਤੋਂ ਕੁਝ ਦੂਰੀ ਤੇ ਹੀ ਇਕ ਜਗ੍ਹਾ ਦੇਖ ਕੇ ਬਾਬਾ ਜੀ ਵਿਸ਼ਰਾਮ ਲਈ ਠਹਿਰੇ ਤਾਂ ਉਸ ਖੇਤਰ ਦਾ ਚੌਧਰੀ ਉਹਨਾਂ ਦੇ ਦਰਸ਼ਨਾਂ ਨੂੰ ਆਇਆ। ਬਾਬੇ ਨੇ ਉਸ ਪਾਸੋਂ ਤਿੰਨ ਵਸਤਾਂ ਮੰਗੀਆਂ, ਆਟਾ, ਘਿਉ ਅਤੇ ਖੰਡ। ਫਿਰ ਮਰਦਾਨੇ ਨੂੰ ਦੇਗ ਤਿਆਰ ਕਰਨ ਲਈ ਵਿਧੀ ਸਮਝਾਈ ਤਾਂ ਦੇਗ ਤਿਆਰ ਹੋਣ ਉਪਰੰਤ ਦੇਗ ਪ੍ਰਾਣੀਆਂ ਵਿਚ ਵਰਤਾ ਦਿੱਤੀ ਗਈ। ਮਰਦਾਨੇ ਨੇ ਕਿਹਾ ਕਿ ਬਾਬਾ ਇਹੋ ਜਿਹਾ ਆਹਾਰ ਤਾਂ ਰੋਜ਼ ਚਾਹੀਦਾ ਹੈ। ਤੇ ਬਾਬੇ ਨੇ ਕਿਹਾ ਕਿ ਇਸ ਸਥਾਨ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਹੁੰਦਾ ਰਹੇਗਾ। ਇਸ ਤੋਂ ਬਾਅਦ ਜਦੋਂ ਅੰਮ੍ਰਿਤਸਰ ਸ਼ਹਿਰ ਵਸਾਇਆ ਗਿਆ ਤਾਂ ਇਹ ਪ੍ਰਥਾ ਚਲਾਈ। ਜੋ ਅੱਜ ਵੀ ਚੱਲ ਰਹੀ ਹੈ। ਹਰ ਪ੍ਰਾਣੀ ਕੜਾਹ ਪ੍ਰਸ਼ਾਦ ਦੇ ਗੱਫੇ ਲਾਉਂਦਾ ਹੈ ਤੇ ਉਸ ਅਕਾਲ ਪੁਰਖ ਦਾ ਧੰਨਵਾਦ ਕਰਦਾ ਨਹੀਂ ਥੱਕਦਾ।

ਤੇਗ (ਕਿਰਪਾਨ) ਕਿਉਂਕਿ ਮੁਕਤੀ ਦਾ ਸ਼ਸਤਰ ਹੈ, ਇਸ ਲਈ ਇਹ ਮੀਰੀ ਦਾ ਚਿੰਨ੍ਹ ਹੈ। ਪਰ ਸਿੱਖੀ ਵਿਚ ਇਹ ਪੀਰੀ ਦਾ ਵੀ ਚਿੰਨ੍ਹ ਹੈ। ਸਿੱਖ ਇਤਿਹਾਸ ਵਿਚ ਇਸ ਦੀ ਵਰਤੋਂ ਜੰਗ ਦੇ ਮੈਦਾਨ ਵਿਚ ਸਮੇਂ ਤੇ ਵਰਤੀ ਗਈ ਜਿਸ ਦੇ ਸਿੱਟੇ ਵਜੋਂ ਅੱਜ ਵੀ ਸਿੱਖ ਹਮੇਸ਼ਾ ਜ਼ੁਲਮ ਦੇ ਵਿਰੁੱਧ ਤਿਆਰ-ਬਰ-ਤਿਆਰ ਰਹਿੰਦਾ ਹੈ। ਆਉ ਸਾਰੇ ਰਲ ਕੇ ਅਰਦਾਸ ਕਰੀਏ ਕਿ ਸਿੱਖ ਧਰਮ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਹਮੇਸ਼ਾ ਜ਼ੁਲਮ ਦੇ ਖਿਲਾਫ ਆਵਾਜ਼ ਉਠਾਉਂਦਾ ਰਹੇ।

● ● ●

ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ,
ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਦੇਸ਼-ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਨੂੰ ਹੋਲੇ ਮਹੱਲੇ ਦੀਆਂ ਲੱਖ-ਲੱਖ ਵਧਾਈਆਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

23 ਮਾਰਚ ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

ਗੁਰਚਰਨ ਸਿੰਘ ਨੂਰਪੁਰ



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਕੁੱਝ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 78 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਰੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ। 35-40 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।


ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ



ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗ਼ਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

ਪ੍ਰਦੂਸ਼ਣ ਇੱਕ ਸਮੱਸਿਆ

ਅੱਜ ਮੈਂ ਤੁਹਾਡਾ ਨਾਲ ਇੱਕ ਅਜਿਹੇ ਮੁੱਦੇ 'ਤੇ ਗੱਲ ਕਰਨ ਜਾ ਰਹੀ ਹਾਂ, ਜਿਸ ਬਾਰੇ ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਪਰ ਸ਼ਾਇਦ ਹੀ ਸਾਡੇ ਵਿੱਚੋਂ ਕੋਈ ਹੋਵੇ ਜੋ ਇਸ ਲਈ ਕੁਝ ਉਪਾਅ ਕਰਦਾ ਹੋਵੇ।

ਅੱਜ ਸੰਸਾਰ ਭਰ ਵਿੱਚ ਪ੍ਰਦੂਸ਼ਣ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪ੍ਰਦੂਸ਼ਣ ਦਾ ਮਤਲਬ ਹੈ ਪ੍ਰਾਂਕਿਰਤਿਕ ਵਾਤਾਵਰਣ ਵਿੱਚ ਕੁਝ ਅਣਚਾਹੀਆਂ ਤਬਦੀਲੀਆਂ ਦਾ ਆ ਜਾਣਾ। ਜਦੋਂ ਪਾਣੀ ਤੇ ਹਵਾ ਵਿੱਚ ਗੰਧਲਾਪਣ ਆ ਜਾਂਦਾ ਹੈ ਤਾਂ ਜੀਵਾਂ, ਪੌਦਿਆਂ ਆਦਿ 'ਤੇ ਭੈੜਾ ਅਸਰ ਪੈਂਦਾ ਹੈ। ਅੱਜ ਦਾ ਮਨੁੱਖ ਪ੍ਰਦੂਸ਼ਣ ਦੀ ਇਸ ਸਮੱਸਿਆ ਤੋਂ ਬੜਾ ਪ੍ਰੇਸ਼ਾਨ ਹੈ, ਕਿਉਂਕਿ ਇਸ ਤੋਂ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਪ੍ਰਦੂਸ਼ਣ ਕਈ ਕਾਰਨਾਂ ਕਾਰਨ ਦੁਆਰਾ ਪੈਦਾ ਹੁੰਦਾ ਹੈ। ਮੁੱਖ ਤੌਰ 'ਤੇ ਇਹ ਹਵਾ-ਪਾਣੀ ਅਤੇ ਜ਼ਿਆਦਾ ਉੱਚੀ ਆਵਾਜ਼ ਤੋਂ ਪੈਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਈ ਸਾਧਨਾਂ ਦੁਆਰਾ ਪੈਦਾ ਹੁੰਦਾ ਹੈ। ਜਦੋਂ ਕਾਰਖਾਨਿਆਂ ਦਾ ਗਲਿਆ-ਸੜਿਆ ਕਚਰਾ ਬਾਹਰ ਸੁੱਟ ਦਿੱਤਾ ਜਾਂਦਾ ਹੈ ਤੇ ਇਸ ਦੀ ਬਦਬੂ ਹਵਾ ਵਿੱਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀ ਹੈ। ਫੈਟਕਰੀਆਂ, ਮੋਟਰ ਗੱਡੀਆਂ ਆਦਿ ਦਾ ਧੂੰਆਂ ਵੀ ਹਵਾ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਇਨ੍ਹਾਂ ਮੋਟਰ ਗੱਡੀਆਂ ਨਾਲ ਘੱਟਾ-ਮਿੱਟੀ ਹਵਾ ਵਿੱਚ ਰਲ ਕੇ ਵਾਤਾਵਰਣ ਨੂੰ ਗੰਦਾ ਕਰਦਾ ਹੈ। ਘਰੇਲੂ ਬਾਲਣ, ਕੋਲਾ, ਤੇਲ, ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦਾ ਛਿੜਕਾਅ ਹਵਾ ਨੂੰ ਗੰਧਲਾ ਕਰਦੇ ਹਨ। ਇਸ ਤਰ੍ਹਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਹੁੰਦਾ ਹੈ।

ਹਵਾ ਰਾਹੀਂ ਇਹ ਗੰਦੀਆਂ ਗੈਸਾਂ ਮਨੁੱਖ ਦੇ ਮੂੰਹ, ਨੱਕ ਅਤੇ ਗਲੇ ਅੰਦਰ ਜਾਂਦੀਆਂ ਹਨ। ਇਹ ਮਨੁੱਖ ਨੂੰ ਅੱਖਾਂ ਦੇ ਰੋਗ, ਸਿਰ ਦਰਦ, ਸਾਹ ਨਲੀ ਦਾ ਕੈਂਸਰ ਆਦਿ ਬਿਮਾਰੀਆਂ ਪੈਦਾ ਕਰਦੀਆਂ ਹਨ। ਹਵਾ ਵਾਂਗ ਪ੍ਰਦੂਸ਼ਣ ਵੀ ਕਈ ਸਾਧਨਾਂ ਰਾਹੀਂ ਪੈਦਾ ਹੁੰਦਾ ਹੈ। ਕਾਰਖਾਨਿਆਂ ਦਾ ਗੰਦਾ ਪਾਣੀ ਅਤੇ ਘਰੇਲੂ ਗੰਦਾ ਪਾਣੀ ਨਦੀਆਂ ਵਿੱਚ ਡਿੱਗਦਾ ਹੈ। ਇਸ ਪਾਣੀ ਵਿੱਚ ਹਾਨੀਕਾਰਕ ਰਸਾਇਣਕ ਪਦਾਰਥ ਘੁਲੇ ਹੋਏ ਹੁੰਦੇ ਹਨ। ਇਹ ਨਦੀਆਂ ਦੇ ਪਾਣੀ ਨੂੰ ਜ਼ਹਿਰੀਲਾ ਕਰ ਦਿੰਦੇ ਹਨ। ਇਸ ਨਾਲ ਜਲ-ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਇਸ ਨਾਲ ਹੈਜ਼ਾ, ਮਿਆਦੀ ਬੁਖਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ।

ਧੁਨੀ ਪ੍ਰਦੂਸ਼ਣ ਵੀ ਵੱਡੀਆਂ-ਵੱਡੀਆਂ ਫੈਕਟਰੀਆਂ ਅਤੇ ਸ਼ਹਿਰਾਂ ਦੇ ਰੌਲੇ-ਰੱਪੇ ਤੋਂ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਫੈਕਟਰੀਆਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਆਦਿ ਦੇ ਨੇੜੇ ਬਣ ਗਈਆਂ ਹਨ, ਜਿਸ ਨਾਲ ਆਮ ਜ਼ਿੰਦਗੀ 'ਤੇ ਇਸ ਦਾ ਬਹੁਤ ਅਸਰ ਹੋ ਰਿਹਾ ਹੈ। ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਦਾ ਉੱਚੀ-ਉੱਚੀ ਵੱਜਣਾ ਵੀ ਧੁਨੀ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਉੱਚੀਆਂ ਆਵਾਜ਼ਾਂ ਦਾ ਅਸਰ ਸਿਰਫ਼ ਕੰਨਾਂ 'ਤੇ ਹੀ ਨਹੀਂ, ਬਲਕਿ ਬਲੱਡ ਪ੍ਰੈਸ਼ਰ, ਸਿਰ ਦਰਦ, ਦਿਲ ਦੀ ਹਰਕਤ ਆਦਿ ਵਰਗੀਆਂ ਬਿਮਾਰੀਆਂ ਪੈਦਾ ਕਰਦਾ ਹੈ।

ਅੱਜ ਹਰ ਕੋਈ ਇਸੇ ਸੋਚ ਵਿੱਚ ਡੁੱਬਿਆ ਹੋਇਆ ਹੈ ਕਿ ਇਸ ਪ੍ਰਦੂਸਣ ਜਿਹੀ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਹਵਾ ਅਤੇ ਧੁਨੀ ਪ੍ਰਦੂਸ਼ਣ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਨਅਤੀ ਅਦਾਰੇ ਸ਼ਹਿਰਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣੇ ਚਾਹੀਦੇ ਹਨ। ਫੈਕਟਰੀਆਂ ਦੀਆਂ ਧੂੰਏਂ ਵਾਲੀਆਂ ਚਿਮਨੀਆਂ ਉੱਚੀਆਂ-ਉੱਚੀਆਂ ਹੋਣੀਆਂ ਚਾਹੀਦੀਆਂ ਹਨ।

ਸੀਵਰੇਜ਼ ਦੇ ਗੰਦੇ ਪਾਣੀ ਨੂੰ ਸ਼ੁੱਧ ਕਰਕੇ ਅਸੀਂ ਜਲ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹਾਂ। ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਸਮੇਂ-ਸਮੇਂ ਜਾਂਚ ਕਰਵਾਈ ਜਾਵੇ ਅਤੇ ਇਨ੍ਹਾਂ ਨੂੰ 'ਓਵਰਲੋਡ' ਹੋਣ ਤੋਂ ਰੋਕਿਆ ਜਾਵੇ। ਜੰਗਲਾਂ ਨੂੰ ਕੱਟਣ 'ਤੇ ਰੋਕ ਲਗਾਈ ਜਾਵੇ ਅਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ।

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ

ਪਾਠਕਾਂ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਇਹ ਲੇਖ ਫਰਵਰੀ 2026 ਦੇ ਅੰਕ ਵਿਚ ਛਾਪਿਆ ਜਾ ਚੁੱਕਾ ਹੈ। ਪ੍ਰੰਤੂ ਛਪਵਾਈ ਵਿਚ ਕੁਝ ਗਲਤੀਆਂ ਹੋਣ ਕਾਰਨ ਸੁਧਾਰ ਕਰਕੇ ਮਾਰਚ 2026 ਦੇ ਅੰਕ ਵਿਚ ਦੁਬਾਰਾ ਛਾਪਿਆ ਜਾ ਰਿਹਾ ਹੈ। ਅਸੁਵਿਧਾ ਲਈ ਅਫ਼ਸੋਸ ਹੈ।

-ਸੰਪਾਦਕ

ਅੰਗਰੇਜ਼ ਲਿਖਾਰੀ ਡੈਨਜਿਲ ਇਬਸਟਨ ਦੀ ਕਿਤਾਬ ਪੰਜਾਬ ਕਾਸਟਸ ਦੇ ਪੰਨਾਂ ਨੰਬਰ 255 ਤੇ ਦਰਜ ਹੈ ਕਿ 'ਪੰਜਾਬ ਵਿਚ ਲੁਬਾਣਾ ਬਰਾਦਰੀ ਦੇ ਲੋਕ ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਸਨ। ਬ੍ਰਿਟਿਸ਼ ਰਾਜ ਦੇ ਸ਼ੁਰੂ ਵਿਚ ਹਿੰਦੂ ਲੁਬਾਣਿਆਂ ਦੀ ਗਿਣਤੀ ਸਿੱਖ ਲੁਬਾਣਿਆਂ ਤੋਂ ਬਹੁਤ ਜ਼ਿਆਦਾ ਸੀ। ਮੁਸਲਮਾਨ ਲੁਬਾਣੇ ਬਹੁਤ ਘੱਟ ਸਨ।"

ਐਮ.ਏ. ਸ਼ੇਰਰਿੰਗ ਦੀ ਪੁਸਤਕ 'ਹਿੰਦੂ ਟ੍ਰਾਇਬਿਸ ਐਂਡ ਕਾਸਟਸ', ਕੋਸਮੋ ਪਬਲੀਕੇਸ਼ਨ ਦਿੱਲੀ 1879 ਦੇ ਪੰਨਾ 69 ਅਨੁਸਾਰ 1868 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਹਨਾਂ ਨੂੰ ਹਿੰਦੂ ਲੁਬਾਣਿਆਂ ਵਿਚ ਸ਼ਾਮਲ ਕੀਤਾ ਗਿਆ।

ਡੈਨਜਿਸ ਚਾਰਲਸ ਜੇਲਫ ਇਬਟਸਨ ਦੀ ਰਿਪੋਰਟ ਆਨ ਦੀ ਸੈਨਸਿਸ ਆਫ਼ ਪੰਜਾਬ 1881 ਜਿਲਦ 2 ਪੰਨਾ 27-28 ਅਨੁਸਾਰ 1881 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 48,489 ਸੀ। ਇਨ੍ਹਾਂ ਵਿਚੋਂ 69.34 ਪ੍ਰਤੀਸ਼ਤ ਹਿੰਦੂ ਲੁਬਾਣੇ, 25.57 ਪ੍ਰਤੀਸ਼ਤ ਸਿੱਖ ਲੁਬਾਣੇ ਅਤੇ 3.09 ਪ੍ਰਤੀਸ਼ਤ ਮੁਸਲਮਾਨ ਲੁਬਾਣੇ ਸਨ।

ਈ.ਡੀ. ਮੈਕਲਾਗਨ, ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 2 ਅਨੁਸਾਰ "ਇਹ ਬਰਾਦਰੀ ਬਹੁਤ ਜਲਦੀ ਸਿੱਖ ਧਰਮ ਦੇ ਪ੍ਰਭਾਵ ਹੇਠ ਆ ਰਹੀ ਸੀ ਜਿਸ ਕਰਕੇ 1921 ਈ. ਵਿਚ ਸਿੱਖ ਲੁਬਾਣਿਆਂ ਦੀ ਗਿਣਤੀ 77.51 ਪ੍ਰਤੀਸ਼ਤ ਹੋ ਗਈ, ਹਿੰਦੂ ਲੁਬਾਣਿਆਂ ਦੀ ਗਿਣਤੀ 15.28 ਪ੍ਰਤੀਸ਼ਤ ਅਤੇ ਮੁਸਲਮਾਨ ਲੁਬਾਣਿਆਂ ਦੀ ਗਿਣਤੀ 7.21 ਪ੍ਰਤੀਸ਼ਤ ਰਹਿ ਗਈ। ਸਿੱਖ ਲੁਬਾਣਿਆਂ ਦੀ ਗਿਣਤੀ ਹਿੰਦੂ ਲੁਬਾਣਿਆਂ ਦੇ ਸਿੱਖ ਧਰਮ ਵਿਚ ਪਰਵੇਸ਼ ਕਰਨ ਕਾਰਨ ਵੱਧੀ।"

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਐਲ ਗਿਡਲਟਨ ਐਂਡ ਐਸ.ਐਮ. ਜੈਕੇਬ ਰਚਿਤ "ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 1 ਪੰਨਾ 184 ਤੇ ਲਿਖਦੇ ਹਨ ਕਿ 1921 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 56316 ਸੀ। ਇਨ੍ਹਾਂ ਵਿਚੋਂ ਸਿੱਖ ਲੁਬਾਣੇ 43,648, ਹਿੰਦੂ ਲੁਬਾਣੇ 8,606 ਅਤੇ ਮੁਸਲਮਾਨ ਲੁਬਾਣੇ 4062 ਸਨ।"

1881 ਤੋਂ 1921 ਤੱਕ ਸਿੱਖਾਂ ਦੀ ਕੁਲ ਗਿਣਤੀ ਵਿਚ 82.28 ਪ੍ਰਤੀਸ਼ਤ ਦਾ ਵਾਧਾ ਹੋਇਆ ਜਦੋਂ ਕਿ ਲੁਬਾਣੇ ਸਿੱਖਾਂ ਦੀ ਗਿਣਤੀ ਵਿਚ ਇਹ ਵਾਧਾ 234.04 ਪ੍ਰਤੀਸ਼ਤ ਹੋਇਆ। ਇਸ ਦਾ ਮੁੱਖ ਕਾਰਨ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਵੱਲੋਂ ਲੁਬਾਣੇ ਸਿੱਖਾਂ ਨੂੰ ਸਿੱਖੀ ਨਾਲ ਜੋੜਨਾ ਸੀ। ਕੇਸਾਧਾਰੀ ਲੁਬਾਣਿਆਂ ਨੂੰ ਪਹਿਲ ਦੇ ਅਧਾਰ ਤੇ ਬ੍ਰਿਟਿਸ਼ ਸੈਨਾ ਵਿਚ ਭਰਤੀ ਕਰਨਾ, ਇਕ ਹੋਰ ਮਹੱਤਵਪੂਰਨ ਕਾਰਨ ਸੀ, ਜਿਸ ਕਰਕੇ ਸਿੱਖ ਲੁਬਾਣਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ।

ਲੁਬਾਣਾ ਬਰਾਦਰੀ ਮੁੱਖ ਤੌਰ 'ਤੇ 11 ਗੋਤਾਂ ਵਿਚ ਵੰਡੀ ਹੋਈ ਸੀ। ਡਬਲਿਯੂ ਕਰੂਨ ਦੀ ਪੁਸਤਕ "ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਨਾਰਥ ਵੈਸਟਰਨ ਇੰਡੀਆ" ਪੰਨਾ 158 ਅਤੇ ਐਚ.ਏ. ਰੋਜ ਏ ਗਲੋਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿਨਸ ਜਿਲਦਤ ਪੰਨਾ 3 ਦੇ ਅਨੁਸਾਰ ਇਹ 11 ਗੋਤਾਂ ਹੇਠ ਲਿਖੇ ਅਨੁਸਾਰ ਸਨ।

1. ਕੁੰਡਲਸ
2. ਸੰਡਲਸ
3. ਭਾਰੌਂਤ
4. ਬਸ਼ਕ
5. ਕੋਛਲ
6. ਕੌਲੱਛ
7. ਲਸਲਸ
8. ਕਛਪ
9. ਵਾਸ਼ਿਸਟ
10. ਬਿਸ਼ਪਲ
11. ਅਤਰੇਲਸ

ਇਨ੍ਹਾਂ ਵਿਚੋਂ ਕੁੰਡਲਸ ਤੇ ਸੰਡਲਸ ਮੁੱਖ ਗੋਤਾਂ ਸਨ ਜਦੋਂ ਕਿ ਬਾਕੀ ਗੋਤਾਂ ਛੋਟੀਆਂ ਸਨ। ਇਹ ਗੋਤਾਂ ਕਈ ਹਿੱਸਿਆਂ ਵਿਚ ਵੰਡੀਆਂ ਹੋਈਆਂ ਸਨ। ਜਿਨ੍ਹਾਂ ਨੂੰ ਅੱਲ ਕਿਹਾ ਜਾਂਦਾ ਸੀ। ਕੁੰਡਲਸ ਗੋਤ ਦੀਆਂ 29 ਅੱਲਾਂ ਸਨ।

1. ਦਾਤਲੇ	9. ਨਿਮਤਿਆਣੇ	16. ਸੰਸਿਆਣੇ	23. ਝੰਡੇ
2. ਬਘਿਆਨੇ	10. ਨਜਰਾਨੇ	17. ਜੌਂਗੀਏ	24. ਲੰਮੇ
3. ਮੁਲਤਾਨੀ	11. ਗਾਹੜੇ	18. ਡਾਰੀਏ	25. ਕਰਮਾਨੀ
4. ਕਾਕਨੀਏ	12. ਮੁਸਲੇ	19. ਉਦਮਲੀਏ	26. ਨਰਸੰਘੀਏ
5. ਲਾਲੀਏ	13. ਕੂਲੀਏ	20. ਖਾਬੜੀਏ	27. ਭਈਵਾਲ
6. ਕੁਲਸਾਨੇ	14. ਕਰਡਲੀਏ	21. ਨਾਲੇ	28. ਮਾਣੇਸੀ
7. ਕੁਲਵਾਲੇ	15. ਮੂਈਏ	22. ਜਾਲੇ	29. ਬਾਲੇ
8. ਹਿਸਾਬਮਾਣੇ			

ਇਨ੍ਹਾਂ ਵਿਚੋਂ ਦਾਤਲੇ, ਬਘਿਆਣੇ, ਮੁਲਤਾਨੀ, ਬੜਵਾਲ, ਗਾਹੜੇ, ਕਾਕਨੀਏ ਅਤੇ ਮਾਏਸੀ ਮਹੱਤਵਪੂਰਨ ਅੱਲਾਂ ਸਨ, ਬਾਕੀ ਸਭ ਕੇਵਲ ਉਪਨਾਮ ਹੀ ਸਨ।

ਸੰਡਲਸ ਗੋਤ ਵੀ 28 ਅੱਲਾਂ ਵਿਚ ਵੰਡੀ ਹੋਈ ਸੀ।

1. ਅਜਰਾਉਤ	8. ਫੱਤੇਖਾਣੀ	15. ਕਗੜਕੇ	22. ਸੁੰਦਰਾਣੀ
2. ਘੋਤਰੇ	9. ਭੌਰੇ	16. ਢੋਥਾਲ	23. ਤੀਤਰੀਏ
3. ਮਟਿਆਣੇ	10. ਲਮਦਾੜੀਏ	17. ਸਦਿਆਣੀ	24. ਦੋ ਕੇ
4. ਲਿਮਤਿਆਣੇ	11. ਮੂਛੀਏ	18. ਕੌਲੀਏ	25. ਚਿਤਰੀਏ
5. ਮੁੰਦਰ	12. ਮਾਨਾਂ ਦੇਦੂ	19. ਬਾਸੋਆਣੀਏ	26. ਲੱਕੜ ਮੰਡੀਏ
6. ਬਹਾਦਰੀਏ	13. ਉਰਜੜੇ	20. ਨਾ ਨੌਤ	27. ਜਾਂਗਲੀਏ
7. ਡੇਡੀਏ	14. ਬਤਾਗਲੇ	21. ਮੱਖਣਕੇ	28. ਰਾਇਕੇ

ਇਹਨਾਂ ਵਿਚੋਂ ਅਜਰਾਉਤ, ਘੋਤੜੇ ਅਤੇ ਮਟਿਆਏ ਮਹੱਤਵਪੂਰਨ ਅੱਲਾਂ ਸਨ। ਜਦੋਂ ਕਿ ਬਾਕੀ ਦੇ ਕੇਵਲ ਪਰਿਵਾਰਕ ਉਪਮਾਨ ਹੀ ਸਨ।

ਭਾਰਤੋ ਗੋਤ ਦੇ ਅੱਠ ਭੇਦ ਸਨ। ਪਾਡੇ, ਪਟਵਾਲੀਏ, ਧੜੀਮੀਏ, ਮਨਿਹਾਈ, ਖੰਡਈਏ, ਬੁਤਿਆਈ, ਗਾਡਰੀਏ ਅਤੇ ਚਿੰਗਾੜੀਏ।

ਬਸ਼ਕ ਗੋਤ ਵੀ ਅੱਠ ਭਾਗਾਂ ਵਿਚ ਵੰਡੀ ਹੋਈ ਸੀ – ਕਾਸਮੀ, ਖਾਸਗੀਏ, ਖੂਨੀ ਖਾਸਗੀਏ, ਬਰੜੀਏ, ਹਰਦਾਸੀਏ, ਮਲਕੇ, ਮੱਖਣਵਾਲ ਅਤੇ ਕਰਮੂਕੇ। ਇਨ੍ਹਾਂ ਵਿਚੋਂ ਖਾਸਗੀਏ ਮਹੱਤਵਪੂਰਨ ਸਨ।

ਕੋਛਲ ਗੋਤ ਦੇ ਚਾਰ ਭਾਗ ਸਨ – ਮਾਥੋਨ, ਭੋਨਸੀਏ, ਅਧਮੂਡੀਏ ਅਤੇ ਮਲਈਏ।

ਹਰਨਾਮ ਸਿੰਘ ਰਚਿਤ ਲੁਬਾਣਾ ਇਤਿਹਾਸ ਦੇ ਪੰਨਾ 127–128 ਅਨੁਸਾਰ ਕੋਸ਼ਲ ਗੋਤ ਦੇ ਸੱਤ ਭੇਦ ਸਨ – ਗਰਜਰ, ਗੁੱਜਰ, ਗਊ ਪਾਲੇ, ਬੋਲੀਏ, ਮਲੈਕੇ, ਪਟਵਾਰੀਕੇ ਅਤੇ ਕਨਚੀਗੀਏ।

ਲਸਲਸ ਗੋਤ ਦੇ 6 ਭਾਗ ਸਨ – ਪਾਲ, ਪੇਲੀਏ ਜਾਂ ਮੱਖਨਸ਼ਾਹੀ, ਚਪਾਰਨੀਏ, ਫਾਟੜੇ, ਰਾਜੇ, ਭਾਲਕੇ, ਗੋਮਟ ਅਤੇ ਸੌਨਕ।

ਵਾਸ਼ਿਸਟ ਗੋਤ ਵਿਚ ਨਾਇਕ ਬ੍ਰਾਹਮਣ, ਚੋਹੰਨੇ, ਗੰਗੇਕੇ, ਗਾਲਬੀ, ਦਸੋਂਦੀਏ ਅਤੇ ਨਾਨਕੀਏ ਆਉਂਦੇ ਸਨ।

ਬਿਸ਼ਪਲ ਗੋਤ ਵਿਚ ਸਾਰਸਤੀ, ਨਾਨਕੀ, ਰਖਬਾਰੇ, ਦਸੋਂਧੀਏ ਭਾਊ ਭੇਦ ਆਉਂਦੇ ਸਨ।

ਅਤਰੇਲਸ ਗੋਤ ਵਿਚ ਗੋਜਲੇ, ਟਾਕੜੇ, ਬੋਡੀਏ, ਗਊਕੇ ਅਤੇ ਬੰਬੀਏ ਭੇਦ ਆਉਂਦੇ ਸਨ।

ਇਸ ਬਰਾਦਰੀ ਦੇ ਲੋਕ ਆਪਣੀ ਗੋਤ ਨਾਲੋਂ ਆਪਣੀ ਅੱਲ ਦੇ ਨਾਮ ਨੂੰ ਜ਼ਿਆਦਾ ਪਹਿਲ ਦਿੰਦੇ ਸਨ। ਉਦਾਹਰਣ ਦੇ ਤੌਰ 'ਤੇ ਪੇਲੀਏ ਲੁਬਾਣਿਆਂ ਦੀ ਗੋਤ ਕਸ਼ਪ ਹੈ, ਦਾਤਲਿਆਂ ਦੀ ਕੁੰਡਲਸ ਅਤੇ ਅਜਰਾਉਤ ਜਾਂ ਘੋਤੜਿਆਂ ਦੀ ਗੋਤ ਸੰਡਲਸ ਹੈ। ਪ੍ਰੰਤੂ ਇਹ ਆਪਣੀਆਂ ਅੱਲਾਂ ਨੂੰ ਹੀ ਜ਼ਿਆਦਾ ਤਰਜੀਹ ਦਿੰਦੇ ਹਨ।

ਅਜਰਾਉਤ, ਦਾਤਲੇ, ਪੇਲੀਏ, ਖਾਸਗੀਏ, ਮਟਿਆਲੇ, ਬਘਿਆਣੇ, ਗਾਹੜੇ ਅਤੇ ਕਾਕਨੀਏ ਗੋਤ ਦੇ ਲੋਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮਿਲਦੇ ਸਨ।

* ਗੋਤਾਂ ਦਾ ਨਾਮ, ਰਹਿਣ ਵਾਲੀ ਜਗ੍ਹਾ, ਕੰਮ ਧੰਦੇ, ਧਾਰਮਿਕ ਰੀਤੀ-ਰਿਵਾਜ਼ਾਂ ਅਤੇ ਮਹੱਤਵਪੂਰਨ ਵਿਅਕਤੀ ਦੇ ਨਾਮ ਤੇ ਪਏ।

ਲੁਬਾਣਾ ਬਰਾਦਰੀ ਦੀਆਂ ਗੋਤਾਂ ਦੀ ਇਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਸ ਦੀ ਕੋਈ ਵੀ ਗੋਤ ਖੱਤਰੀਆਂ, ਅਰੋੜਿਆਂ, ਜੱਟਾਂ, ਸੈਣੀਆਂ ਜਾਂ ਕੰਬੋਜਾਂ ਨਾਲ ਨਹੀਂ ਮਿਲਦੀ ਸੀ।

* ਉਦਾਹਰਣ ਦੇ ਤੌਰ ਤੇ ਪੜਵਾਲ ਗੋਤ ਜੇਨੇਊ ਰੀਤੀ ਪਦਵਾ ਤੋਂ ਨੀ। ਇਸੇ ਤਰ੍ਹਾਂ ਲਾਲੀਆ ਗੋਤ ਲਾਲ ਚੰਦ ਦੇ ਨਾਮ ਤੋਂ ਸ਼ੁਰੂ ਹੋਈ।

ਗਾੜੇ ਗੋਤ ਗੜਮਲ ਦੇ ਨਾਂਅ ਤੋਂ ਬਣੀ। ਹੁਸਿਆਨੇ ਬਾਬਾ ਹਸਨਾ ਤੋਂ ਅਤੇ ਮੱਖਣਸ਼ਾਹੀ ਬਾਬਾ ਮੱਖਣ ਸ਼ਾਹ ਲੁਬਾਣੇ ਤੋਂ। ਲੇਖਕ ਆਰ ਜੀ ਲਾਥਮ ਦੀ ਕਿਰਤ ਐਥਨੋਲਔਜੀ ਆਫ਼ ਇੰਡੀਆ ਵੁਡਫਾਲ ਐਂਡ ਕਿੰਡਰ ਪ੍ਰਿੰਟਿੰਗ ਲੰਡਨ 1858 ਪੰਨਾ 368 ਅਨੁਸਾਰ ਮੁਲਤਾਨੀ ਗੋਤ ਦੇ ਲੋਕ 1739 ਈ. ਵਿਚ ਨਾਦਰ ਸ਼ਾਹ ਦੇ ਹਮਲੇ ਸਮੇਂ ਮੁਲਤਾਨ ਤੋਂ ਉੱਠ ਕੇ ਆਏ ਸਨ।

- ਅਜ਼ਾਦੀ ਤੋਂ ਪਹਿਲਾਂ ਇਸ ਬਰਾਦਰੀ ਦਾ ਰੁੱਤਬਾ ਜਾਂ ਸਥਾਨ ਪੰਜਾਬ ਵਿਚ ਇਕੋ ਜਿਹਾ ਨਹੀਂ ਸਗੋਂ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਵੱਖ-ਵੱਖ ਸੀ।

* ਸਿਆਲਕੋਟ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਉਪ-ਪਾਰਬਤੀ ਭਾਗਾਂ ਵਿਚ ਅਜਰਾਉਤ ਜਾਂ ਘੋਤੜੇ ਆਪਣੇ ਆਪ ਨੂੰ ਦੂਜੀਆਂ ਜਾਤਾਂ ਦੇ ਮੁਕਾਬਲੇ ਉੱਚਾ ਸਮਝਦੇ ਸਨ।

* ਐਚ ਏ ਰੋਜ ਰਚਿਤ ਏ ਗਲਾਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿੰਨਸ ਜਿਲਦ 3 ਪੰਨਾ 3 ਦੇ ਅਨੁਸਾਰ

ਡਿਸਟ੍ਰਿਕਟ ਗਜਟੀਅਰ ਆਫ਼ ਕਾਂਗੜਾ 1904 ਪੰਨਾ 87 ਅਨੁਸਾਰ 'ਕਾਂਗੜੇ ਜ਼ਿਲ੍ਹੇ ਵਿਚ ਵੀ ਘੋਤੜੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਪਰ ਸਮਝਦੇ ਸਨ।

ਸਿੱਖ ਲੁਬਾਣਿਆਂ ਦੀ ਸੈਨਾ ਵਿਚ ਗਿਣਤੀ ਆਪਣੀ ਜਨਸੰਖਿਆ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ। ਇਹਨਾਂ ਦੀਆਂ ਪਾਇਨੀਅਰ ਵਿਚ ਆਪਣੀਆਂ ਵੱਖਰੀਆਂ ਕੰਪਨੀਆਂ ਸਨ। ਪਹਿਲੇ ਮਹਾਂਯੁੱਧ ਵਿਚ ਇਨ੍ਹਾਂ ਨੇ ਬਹੁਤ ਜ਼ਿਆਦਾ ਸੈਨਿਕ ਲੜਾਈ ਦੇ ਮੈਦਾਨ ਵਿਚ ਭੇਜੇ। ਇਸ ਤਰ੍ਹਾਂ ਸਿੱਖ ਲੁਬਾਣਿਆਂ ਨੂੰ ਬ੍ਰਿਟਿਸ਼ ਸੈਨਾ ਵਿਚ ਤਰਜੀਹ ਦੇਣ ਕਾਰਨ ਇਹਨਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਸਿੰਘ ਸਭਾ ਲਹਿਰ ਜੋ 1873 ਈ. ਵਿਚ ਸ਼ੁਰੂ ਹੋਈ ਨੇ ਵੀ ਲੁਬਾਣਾ ਬਰਾਦਰੀ ਵਿਚ ਸਿੱਖ ਧਰਮ ਦਾ ਪ੍ਰਸਾਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

● ● ●

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਬਹੁਪੱਖੀ ਸ਼ਖ਼ਸ਼ੀਅਤ ਸਨ ਪ੍ਰਿੰਸੀਪਲ ਵਰਿਆਮ ਸਿੰਘ ਜੀ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524

ਪ੍ਰਿੰਸੀਪਲ ਵਰਿਆਮ ਸਿੰਘ ਜੀ ਦਾ ਜਨਮ 22 ਨਵੰਬਰ 1925 ਨੂੰ ਪਿਤਾ ਸਰਦਾਰ ਗਹਿਣਾ ਸਿੰਘ ਅਤੇ ਮਾਤਾ ਸਰਦਾਰਨੀ ਅੱਛਰ ਕੌਰ ਦੇ ਗ੍ਰਿਹ ਵਿਖੇ ਪਿੰਡ ਖੋਖਰਵਾਲੀ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਉਹਨਾਂ ਨੇ ਆਪਣੀ ਮੁੱਢਲੀ ਵਿੱਦਿਆ ਵਿਚ ਹੀ ਸਖ਼ਤ ਮਿਹਨਤ ਕੀਤੀ ਅਤੇ ਵਜ਼ੀਫ਼ਾ ਹਾਸਲ ਕੀਤਾ। 1947 ਦੀ ਵੰਡ ਤੋਂ ਬਾਅਦ ਇਧਰ ਆ ਕੇ ਮਾਹਲਪੁਰ ਤੋਂ ਬੀ.ਏ. ਅਤੇ ਗੌਰਮਿੰਟ ਕਾਲਜ ਲੁਧਿਆਣਾ ਤੋਂ ਐਮ.ਏ. ਮੈਥ ਦੀ ਡਿਗਰੀ ਫਸਟ ਕਲਾਸ ਵਿਚ ਹਾਸਲ ਕੀਤੀ। ਉਹਨਾਂ ਨੇ ਆਪਣੀ ਨੌਕਰੀ 1951 ਵਿਚ ਐਸ.ਡੀ. ਕਾਲਜ ਸ਼ਿਮਲਾ ਤੋਂ ਸ਼ੁਰੂ ਕੀਤੀ ਅਤੇ ਉਸ ਤੋਂ ਬਾਅਦ ਗੌਰਮਿੰਟ ਬਰਜਿੰਦਰਾ ਕਾਲਜ ਫਰੀਦਕੋਟ, ਗੌਰਮਿੰਟ ਰਣਧੀਰ ਕਾਲਜ ਕਪੂਰਥਲਾ, ਗੌਰਮਿੰਟ ਕਾਲਜ ਲੁਧਿਆਣਾ, ਗੌਰਮਿੰਟ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ, ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਬਤੌਰ ਪ੍ਰਿੰਸੀਪਲ ਤਿੰਨ ਸਾਲ ਲਈ ਡੈਪੂਟੇਸ਼ਨ ਤੇ ਆਏ ਅਤੇ ਇਸ ਤੋਂ ਬਾਅਦ ਗੌਰਮਿੰਟ ਰਣਧੀਰ ਕਾਲਜ ਕਪੂਰਥਲਾ ਪ੍ਰਿੰਸੀਪਲ ਬਣ ਕੇ ਆਏ ਅਤੇ 30-11-1983 ਨੂੰ 32 ਸਾਲ ਦੀ ਸੇਵਾ ਤੋਂ ਬਾਅਦ ਗੌਰਮਿੰਟ ਕਾਲਜ ਕਾਲਾ ਅਫਗਾਨਾਂ ਤੋਂ ਸੇਵਾ ਮੁਕਤ ਹੋਏ।

ਸੇਵਾ ਮੁਕਤੀ ਤੋਂ ਬਾਅਦ ਸਮਾਜ ਸੁਧਾਰ ਦੇ ਕੰਮਾਂ ਨੂੰ ਹੋਰ ਸ਼ਿੱਦਤ ਨਾਲ ਆਰੰਭ ਕੀਤਾ। ਇਨਵਾਇਰਮੈਂਟ ਸੁਸਾਇਟੀ ਕਪੂਰਥਲਾ (ਰਜਿ.) ਦੇ 18 ਸਾਲ ਪ੍ਰਧਾਨ ਰਹੇ। ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਲੁਬਾਣਾ ਸਿੱਖ ਯੰਗਮੈਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ। ਬੈਕਵਰਡ ਕਲਾਸਿਸ ਕਮਿਸ਼ਨ ਲਈ ਬਰਾਦਰੀ ਦੀ ਅਗਵਾਈ ਕੀਤੀ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਜੀਵਨ ਭਰ ਲਈ ਪੈਟਰਨ ਰਹੇ।

ਉਹ ਇਕ ਨੇਕ ਦਿਲ, ਮਹਿਮਾਨ ਨਿਵਾਜ਼ ਤੇ ਸੇਵਾ ਭਾਵ ਵਾਲੇ ਇਨਸਾਨ ਸਨ। ਉਹਨਾਂ ਨੇ ਆਪਣੀ ਪਤਨੀ ਸੁਰਜੀਤ ਕੌਰ ਨਾਲ ਮਿਲ ਕੇ ਆਪਣੇ ਦੋ ਪੁੱਤਰਾਂ ਤੇ ਤਿੰਨ ਧੀਆਂ ਨੂੰ ਪੋਸਟ ਗਰੈਜੂਏਸ਼ਨ ਤੱਕ ਸਿੱਖਿਆ ਦੁਆਈ ਜਿਸ ਕਰਕੇ ਉਹਨਾਂ ਦਾ ਵੱਡਾ ਬੇਟਾ ਜਗਤਾਰ ਸਿੰਘ ਰੇਲਵੇ ਵਿਚ ਇੰਜੀਨੀਅਰ ਅਤੇ ਛੋਟਾ ਬੇਟਾ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ, ਤਿੰਨੇ ਬੇਟੀਆਂ ਵੱਖ-ਵੱਖ ਕਾਲਜਾਂ ਵਿਚ ਹੈੱਡ ਆਫ਼ ਦੀ ਡਿਪਾਰਟਮੈਂਟ ਰਹੀਆਂ ਅਤੇ ਉਹਨਾਂ ਦਾ ਵੱਡਾ ਜਵਾਈ ਖੇਤੀਬਾੜੀ



ਯੂਨੀਵਰਸਿਟੀ ਵਿਚ ਸਟੈਟੇਸਟਿਕਸ ਦਾ ਪ੍ਰੋਫੈਸਰ ਅਤੇ ਛੋਟਾ ਜਵਾਈ ਗੌਰਮਿੰਟ ਕਾਲਜ ਅੰਮ੍ਰਿਤਸਰ ਵਿਚ ਮੈਥ ਦਾ ਪ੍ਰੋਫੈਸਰ ਅਤੇ ਉਹਨਾਂ ਦੀਆਂ ਦੋ ਬਹੂਆਂ ਦੋਵੇਂ ਡਬਲ ਪੋਸਟ ਗਰੈਜੂਏਸ਼ਨ ਹਨ।

22 ਨਵੰਬਰ 2025 ਨੂੰ ਆਪਣਾ 100ਵਾਂ ਜਨਮ ਦਿਨ ਖੁਸ਼ੀ-ਖੁਸ਼ੀ ਮਨਾਉਣ ਤੇ ਸਾਰੇ ਮਹਿਮਾਨਾਂ ਦਾ ਆਪ ਧੰਨਵਾਦ ਕੀਤਾ ਅਤੇ 23 ਨਵੰਬਰ ਨੂੰ ਅਚਾਨਕ ਦਿਲ ਰੁਕਣ ਕਰਕੇ ਰਾਤ 9.20 ਵੱਡੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ।

• • •

ਕਿਰਤ ਕਰੋ, ਨਾਮ ਜਪੋ, ਵੰਡ ਛਕੋ।

ਸਾਡੀ ਮਾਂ ਬੋਲੀ ਪੰਜਾਬੀ

ਪੰਜਾਬੀਅਤ ਭਾਰਤੀ ਸਭਿਆਚਾਰ ਜਿਸ ਦਾ ਜਨਮ ਸਦੀਆਂ ਦੇ ਲਗਾਤਾਰ ਸੰਘਰਸ਼ ਵਿਚੋਂ ਹੋਇਆ। ਇਸ ਨੂੰ ਸੰਵਾਰਣ, ਨਿਖਾਰਣ ਅਤੇ ਉਭਾਰਣ ਵਿਚ ਬਾਬਾ ਫਰੀਦ, ਗੁਰੂ ਪਾਤਿਸ਼ਾਹਾਂ, ਬੁੱਲ੍ਹੇ ਸ਼ਾਹ, ਵਾਰਿਸ, ਹਾਸ਼ਮ ਅਤੇ ਤਮਾਮ ਦੂਸਰੇ ਪੰਜਾਬੀ-ਸਿਰਜਕਾਂ ਦਾ ਉਹ ਬਹੁਮੁੱਲਾ ਯੋਗਦਾਨ ਹੈ ਜਿਸ ਨੂੰ ਅੱਜ ਅਸੀਂ ਮਨੋਂ ਵਿਸਾਰੀ ਬੈਠੇ ਹਾਂ। ਬੋਲੀ, ਖਿੱਤਾ, ਰਹਿਤਲ, ਜਾਤ, ਜਮਾਤ, ਇਤਿਹਾਸ, ਭੂਗੋਲ, ਧਰਮ, ਚਿੰਤਨ, ਵਿਸ਼ਵਾਸ ਅਤੇ ਕਰਮਭੂਮੀ ਭਾਵੇਂ ਮਨੁੱਖੀ-ਪਛਾਣ ਦੇ ਕਈ ਆਧਾਰ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਥਾਂ ਦੀ ਬੋਲੀ ਉਸਨੂੰ ਚਿਰਕਾਲ ਤੋਂ ਇਕ ਵੱਖਰਤਾ ਦੇਂਦੀ ਆਈ ਹੈ। ਪੰਜਾਬੀ ਭਾਵੇਂ ਅੱਜ ਦੇਸਾਂ, ਪ੍ਰਦੇਸਾਂ ਅਤੇ ਵਿਦੇਸ਼ਾਂ ਦੀਆਂ ਸੈਂਕੜੇ ਧਰਤੀਆਂ ਦੇ ਵਸਨੀਕ ਬਣ ਚੁੱਕੇ ਹਨ ਪ੍ਰੰਤੂ ਉਹ ਜਿੱਥੇ ਜਿੱਥੇ ਵੀ ਗਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਨ੍ਹਾਂ ਦੇ ਨਾਲ-ਨਾਲ ਗਈ। ਫਲਸਰੂਪ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਡੈਨਮਾਰਕ ਅਤੇ ਕਈ ਹੋਰ ਦੇਸ਼ਾਂ ਵਿਚ ਪੰਜਾਬੀ ਦੀ ਪੜ੍ਹਾਈ, ਲਿਖਾਈ ਅਤੇ ਇਸ ਦੀ ਸੁਰਜੀਤੀ ਦੇ ਖਾਸ ਉਪਰਾਲੇ ਸਿੱਧ ਕਰਦੇ ਹਨ ਕਿ ਬਾਹਰਲਿਆਂ ਨੇ ਬਾਬਾ ਨਾਨਕ ਦੀ ਮਿੱਠੀ ਬੋਲੀ ਨੂੰ ਹਾਲੇ ਵੀ ਵਿਸਾਰਿਆ ਨਹੀਂ।

ਪੰਜਾਬੀ ਭਾਸ਼ਾ ਦੇ ਜਨਮ ਸਥਾਨ ਤੇ ਪੰਜਾਬੀਅਤ ਵੱਲੋਂ ਇਸਦੀ ਬੇਕਦਰੀ, ਬੇਰੁਖ਼ੀ ਤੇ ਰੱਜ ਕੇ ਅਣਗੌਲਣਾ ਪੰਜਾਬੀ-ਹਿਤੈਸ਼ੀਆਂ ਨੂੰ ਬਹੁਤ ਤਕਲੀਫ ਦਿੰਦੀ ਹੈ। ਪੰਜਾਬੀ ਗੀਤ-ਸੰਗੀਤ ਨੂੰ ਹਿੰਦੀ, ਅੰਗਰੇਜ਼ੀ ਤੇ ਲੱਚਰਤਾ ਦਾ ਤੜਕਾ, ਟੈਲੀਵੀਜ਼ਨ ਐਂਕਰਾਂ ਵੱਲੋਂ ਅਪਾਧਰੀ, ਗ਼ਲਤ ਤੇ ਹਾਸੋਹੀਣੀ ਭਾਸ਼ਾ ਦੀ ਵਰਤੋਂ, ਵਿਆਹ-ਸ਼ਾਦੀਆਂ ਦੇ ਕਾਰਡਾਂ ਤੇ ਨਾਂ-ਤਖ਼ਤੀਆਂ 'ਤੇ ਕੇਵਲ ਅੰਗਰੇਜ਼ੀ ਦਾ ਬੋਲਬਾਲਾ ਵੀ ਪੰਜਾਬੀ ਦੇ ਵਾਰਿਸਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦਾ ਸਵੱਬ ਹੈ। ਸਰਕਾਰੀ ਅਦਾਰੇ ਵੀ ਪੰਜਾਬੀ ਨੂੰ ਗੰਵਾਰਾਂ, ਅਨਪੜ੍ਹਾਂ ਤੇ ਪੇਂਡੂਆਂ ਦੀ ਭਾਸ਼ਾ ਸਮਝਦਿਆਂ, ਸਭ ਲਿਖਾ-ਪੜ੍ਹੀ, ਅੰਗਰੇਜ਼ੀ ਵਿਚ ਹੀ ਕਰਨ ਨੂੰ ਪਹਿਲ ਦਿੰਦੇ ਹਨ।

ਮਨੁੱਖੀ ਜੀਵਨ ਵੰਨ ਸੁਵੰਨਾ, ਖ਼ੂਬਸੂਰਤ ਅਤੇ ਵਿਲੱਖਣ ਹੈ। ਚੰਗੀਆਂ, ਉਸਾਰੂ ਅਤੇ ਵਧੀਆ ਕਿਤਾਬਾਂ ਵੀ ਕਿਸੇ ਵਿਅਕਤੀ ਦੀ ਸਖ਼ਸ਼ੀਅਤ ਨੂੰ ਨਿਖਾਰਣ ਵਿਚ ਬਹੁਤ ਯੋਗਦਾਨ ਦਿੰਦੀਆਂ ਹਨ। ਅਕਲ ਦੇ ਵਿਹੜੇ ਪੈਰ ਧਰਨ ਲਈ ਕਿਤਾਬਾਂ ਦੀ ਬਹੁਤ ਵੱਡੀ ਦੇਣ ਹੈ। ਅਜੋਕੇ ਮਨੁੱਖਾਂ ਅਤੇ ਤਿੜਕਦੇ ਸਮਾਜਾਂ ਵਿਚ ਤਣਾਵਾਂ ਅਤੇ ਝਗੜਿਆਂ ਤੋਂ ਬਚਾਅ ਲਈ ਕਿਤਾਬਾਂ ਦਾ ਸੰਗ ਸਾਥ ਨਿਭਾਉਣਾ ਅੱਜ ਦੇ ਸਮੇਂ ਦੀ ਫੌਰੀ ਲੋੜ ਹੈ।

'ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ' ਵਾਲੀ ਸ਼ਿੱਦਤ ਅੱਜ ਸਾਰੇ ਪੰਜਾਬੀਆਂ ਵਿਚ ਤਾਂ ਕੀ ਲੇਖਕਾਂ ਵਿਚ ਵੀ ਲੱਭਿਆਂ ਨਹੀਂ ਲੱਭਦੀ। ਦੇਖਣ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਅਮੀਰ ਮਾਪੇ ਅੱਜ ਕੱਲ੍ਹ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆਪਣੇ ਲਾਡਲਿਆਂ ਲਈ ਪੰਜਾਬੀ ਦੀਆਂ ਟਿਊਸ਼ਨਾਂ ਰੱਖ ਰਹੇ ਹਨ। ਅੰਗਰੇਜ਼ਾਂ ਨੂੰ ਗਿਆਂ ਅੱਧੀ ਸਦੀ ਤੋਂ ਕਿਤੇ ਵੱਧ ਸਮਾਂ ਬੀਤ ਚੁੱਕੈ ਪ੍ਰੰਤੂ ਉਨ੍ਹਾਂ ਦਾ ਵਿਛਾਇਆ ਭਾਸ਼ਾਈ ਅਤੇ ਸਭਿਆਚਾਰਕ ਇੰਦਰਜਾਲ ਅੱਜ ਵੀ ਮੌਜੂਦ ਹੈ। ਵਧੇ ਫੁੱਲੇ ਹਿੰਦੁਸਤਾਨ ਤੇ ਘੁੱਗ ਵੱਸੇ ਪਾਕਿਸਤਾਨ ਅਸਾਂ ਤੇ ਆਪਣੀ ਮਾਂ ਬੋਲੀ ਤੇ ਮਾਂ-ਮਿੱਟੀ ਦੇ ਮੋਹ ਕਾਰਨ ਘੁੱਗੀਆਂ, ਕਬੂਤਰ, ਮੋਰ, ਚਿੜੀਆਂ ਤੇ ਤੋਤੇ ਉਡਾਏ ਨੇ, ਅੰਮ੍ਰਿਤਸਰੀ ਡੋਰਾਂ ਨਾਲ ਲਾਹੌਰ ਦੀਆਂ ਹਵੇਲੀਆਂ ਤੋਂ ਗੁੱਡੀਆਂ ਚੜ੍ਹਾਈਆਂ ਨੇ। ਮਾਖਿਓ ਮਿੱਠੀ ਪੰਜਾਬੀ ਜ਼ੁਬਾਨ ਦੀ ਅਮੀਰੀ, ਇਹਦੇ ਸ਼ਬਦਾਂ ਦੇ ਭੰਡਾਰ ਨੂੰ ਇੰਞ ਰੱਖਣ ਲਈ ਜਤਨ ਕੀਤਾ ਏ। ਸਾਨੂੰ ਧੁਰ ਅੰਦਰੋਂ ਏਹ ਸੋਚ ਵੱਢ ਵੱਢ ਖਾਈ ਜਾ ਰਹੀ ਏ ਕਿ ਜੇ ਅਸਾਂ ਸੁਚੇਤ ਕੋਸ਼ਿਸ਼ਾਂ ਨਾ ਕੀਤੀਆਂ ਤਾਂ ਗੁੱਜਰਾਂਵਾਲੇ ਅਤੇ ਲੁਧਿਆਣੇ ਵਾਲਿਆਂ ਦੀਆਂ ਅਗਲੇਰੀਆਂ ਪੁਸ਼ਤਾਂ ਨੂੰ ਕਿਧਰੇ ਇਕ ਦੂਜੇ ਦੀ ਜ਼ੁਬਾਨ ਸਮਝਣ ਲਈ ਦੋ-ਭਾਸ਼ੀਏ ਹੀ ਨਾ ਰੱਖਣੇ ਪੈ ਜਾਣ।

ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਿਚ ਬੈਂਕਾਂ, ਦਫ਼ਤਰਾਂ, ਹਵਾਈ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਪੰਜਾਬੀ ਬੋਲਣ ਤੇ ਲਿਖਣ ਵਾਲੇ ਮੁਲਾਜ਼ਮਾਂ ਨੂੰ ਨੌਕਰੀਆਂ ਦੇਣੀਆਂ ਅਤੇ ਅੰਗਰੇਜ਼ ਡਾਕਟਰਾਂ ਵੱਲੋਂ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬੀ ਸਿੱਖਣੀ ਆਦਿ ਪੰਜਾਬੀਆਂ ਦੀ ਮਿਹਨਤ ਦਾ ਸਿੱਟਾ ਹੈ। ਇਸਦੇ ਉਲਟ, ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਵਿਚ ਪੰਜਾਬੀ ਬੋਲਣ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਗ਼ੈਰ-ਪੰਜਾਬੀ ਕਰਮਚਾਰੀ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸਦਿਆਂ ਉਨ੍ਹਾਂ ਨੂੰ ਜਵਾਬ ਪੰਜਾਬੀ ਵਿਚ ਨਹੀਂ ਦਿੰਦੇ। ਪੰਜਾਬੀ ਬੋਲੀ ਨੂੰ ਇਕ ਲਹਿਰ ਬਣਾ ਕੇ ਚਲਾਉਣਾ ਚਾਹੀਦਾ ਹੈ। ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਇਕ ਵਿਅਕਤੀ ਨੂੰ ਆਪਣਾ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਚੰਗੀ ਵਿਦਿਆ ਨਾਲ ਹਾਸਲ ਕੀਤੇ ਕੰਮਾਂ ਦੀ ਦੁਨੀਆਂ ਭਰ 'ਚ ਬੰਦੇ ਦੀ ਸ਼ਲਾਘਾ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ। ਜਿੰਨੇ ਵੀ ਸਾਡੇ ਰਾਜਸੀ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਚੰਗੇ ਉਪਰਾਲੇ ਕੀਤੇ ਹਨ ਉਨ੍ਹਾਂ ਦਾ ਹਮੇਸ਼ਾਂ ਅਹਿਸਾਨ ਰਹਿੰਦਾ ਹੈ। ਦੁਨੀਆਂ ਭਰ ਵਿਚ ਮਾਂ ਬੋਲੀ ਪੰਜਾਬੀ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਨ ਲਈ ਸੁਚੇਤ ਵੀ ਕੀਤਾ ਗਿਆ।

ਆਓ ਪੰਜਾਬੀਓ! ਆਪਣੀ ਮਾਂ-ਬੋਲੀ ਤੇ ਮਾਂ-ਮਿੱਟੀ ਨਾਲ ਜੁੜੀਏ ਤਾਂ ਜੋ ਇਸ ਅਮੋਲਕ ਜੀਵਨ ਦਾ ਕਰਜ਼ਾ ਲਾਹ ਸਕੀਏ।

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

ਪੰਜਾਬੀ ਦੇ ਲਹਿਜੇ

ਡਾ. ਨਿਰਮਲ ਸਿੰਘ

1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ।

ਕਾਦਰ ਦੀ ਕੁਦਰਤ ਦਾ ਮੁੱਢ ਕਦੀਮ ਤੋਂ ਈ ਇਹ ਦਸਤੂਰ ਹੈ ਕਿ ਵੰਨ-ਸੁਵੰਨਤਾਈਆਂ ਦੇ ਸੁਮੇਲ ਰਾਹੀਂ ਹੀ ਵਿਕਾਸ ਸੰਭਵ ਹੈ। ਇਹ ਦਸਤੂਰ ਸਗਲ ਜਗਤ ਦੇ ਸਮੂਹ ਪਸਾਰਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਲਾਗੂ ਹੁੰਦਾ ਹੈ। ਏਕਤਾ ਦਾ ਜਨਮ ਅਨੇਕਤਾਵਾਂ ਦੇ ਏਕੇ ਵਿਚੋਂ ਹੀ ਹੋ ਸਕਦਾ ਹੈ। ਖੇਤਰ ਭਾਵੇਂ ਗਿਆਨ ਦਾ ਹੋਵੇ ਜਾਂ ਵਿਗਿਆਨ ਦਾ ਓਸ ਦਾ ਅਧਾਰ ਵਿਭਿੰਨਤਾਵਾਂ ਦੀ ਏਕਤਾ ਹੀ ਹੁੰਦਾ ਹੈ। ਕਿੰਨੇ ਹੀ ਕਿਸਮਾਂ ਦੇ ਰੰਗਬਰੰਗੇ ਮਹਿਕਦੇ ਟਹਿਕਦੇ ਫੁੱਲਾਂ ਨੂੰ ਜਦੋਂ ਗੁਲਦਸਤੇ ਦੇ ਰੂਪ ਵਿਚ ਬੰਨ੍ਹਿਆਂ ਜਾਂਦਾ ਹੈ, ਉਹਦੀ ਸੁੰਦਰਤਾ ਵਿਚ ਅਸੀਮ ਵਾਧਾ ਹੋ ਜਾਂਦਾ ਹੈ। ਇਕੱਲੇ ਕਾਰੇ ਫੁੱਲ ਨਾਲੋਂ ਗੁਲਦਸਤਾ ਕਈ ਗੁਣਾਂ ਸੋਹਣਾ ਤੇ ਮਨਮੋਹਣਾ ਬਣ ਜਾਂਦਾ ਹੈ।

ਆਪਣੇ ਵਿਚਾਰਾਂ ਨੂੰ ਮੁੱਦੇ ਤੇ ਕੇਂਦਰਿਤ ਕਰਦੇ ਹੋਏ ਅਸੀਂ ਅੱਜ ਗੱਲ ਆਪਣੀ ਪੁਸ਼ਤੈਨੀ ਜੂਹ ਪੰਜ ਪਾਣੀਆਂ ਦੀ ਧਰਤੀ ਦੇ ਬਸ਼ਿੰਦਿਆਂ ਦੀ ਭਾਸ਼ਾ ਅਰਥਾਤ ਜਬਾਨ ਦੀ ਖੂਬਸੂਰਤੀ ਦੀ ਕਰਨੀ ਹੈ। ਕਹਿੰਦੇ ਨੇ ਕਿ ਬੋਲੀ ਤਾਂ ਕੁਝ ਕੋਹਾਂ ਦੇ ਪੈਂਡੇ ਤੋਂ ਬਾਅਦ ਈ ਕੁਝ ਨਾ ਕੁਝ ਬਦਲ ਜਾਂਦੀ ਹੈ। ਪੰਜਾਬ ਦਾ ਖਿੱਤਾ ਤਾਂ ਸੁੱਖ ਨਾਲ ਚਾਰ ਪੰਜ ਸੌ ਕਿਲੋਮੀਟਰ ਪੱਛਮ ਤੋਂ ਪੂਰਬ ਅਤੇ ਏਨਾ ਕੁ ਹੀ ਉੱਤਰ ਤੋਂ ਦੱਖਣ ਵੱਲੋਂ ਫੈਲਿਆ ਹੋਇਆ ਹੈ। ਐਨੇ ਵੱਡੇ ਖੇਤਰ ਦੀ ਬੋਲੀ ਪੰਜਾਬੀ ਤਾਂ ਮੂਲ ਰੂਪ ਵਿਚ ਭਾਸ਼ਾ ਵਿਗਿਆਨੀਆਂ ਤੇ ਯੂਨੈਸਕੋ ਵੱਲੋਂ ਵੀ ਪ੍ਰਵਾਨਤ ਹੈ। ਉਂਝ ਇਹਦੀਆਂ ਉਪ ਬੋਲੀਆਂ ਤੇ ਲਹਿਜਿਆਂ ਬਾਬਤ ਸੰਜੀਦਾ ਖੋਜਕਾਰੀ ਕਦੀ ਵੀ ਬੱਝਵੇਂ ਰੂਪ ਵਿਚ ਨਹੀਂ ਹੋਈ। ਉਤਰ ਪੱਛਮ ਵਿਚ ਦਰਿਆ ਸਿੰਧ ਦੇ ਉਰਾਰ ਪਾਰ ਪਠਾਣਾਂ ਦੀ ਬੋਲੀ ਪਸ਼ਤੋ ਨਾਲ ਸਾਂਝ ਪਾਉਂਦੀ ਹਿੰਦਕੋ ਹਕੀਕਤ ਵਿਚ ਪੰਜਾਬੀ ਦੀ ਹੀ ਉਪਬੋਲੀ ਹੈ। ਇਸ ਦੇ ਨਾਲ ਲਗਦੀਆਂ ਦਰਿਆ ਜੇਹਲਮ ਤੋਂ ਉਪਰ, ਕੋਹਮਰੀ ਦੇ ਪਹਾੜਾਂ ਤੇ ਮੁਜਫਰਾਬਾਦ ਦੇ ਪਹਾੜੀ ਖੇਤਰ ਦੀ ਉਪਬੋਲੀ ਮੀਰਪੁਰੀ ਅਖਾਉਂਦੀ ਹੈ। ਹੇਠਾਂ ਨੀਮ ਪਹਾੜੀ ਪਠਾਰੀ ਜੂਹ ਵਿਚ ਰਾਵਲਪਿੰਡੀ, ਚਕਵਾਲ, ਇਸਲਾਮਾਬਾਦ ਵਾਲੇ ਸੁਆ ਨਦੀ ਦੇ ਆਲੇ-ਦੁਆਲੇ ਮਿੱਘੀ-ਤੁੱਘੀ ਵਾਲੀ ਪੋਠੋਹਾਰੀ ਦਾ ਵਿਸ਼ਾਲ ਖਿੱਤਾ ਹੈ। ਦੋਆਬਾ ਸਿੰਧ ਸਾਗਰ ਦੇ ਹੇਠਲੇ ਹਿੱਸੇ ਵਿਚ ਸ਼ਾਹਪੁਰੀ, ਥਲੀ ਲਹਿਜੇ ਹਨ। ਜੇਹਲਮ ਦਰਿਆ ਲੰਘ ਸੋਹਣੀ ਦੇ ਸ਼ਹਿਰ ਗੁਜਰਾਤ ਅਤੇ ਦਰਿਆ ਝਨ੍ਹਾਂ ਵਿਚਕਾਰ ਝੱਜ ਦੋਆਬ ਆ ਜਾਂਦਾ ਹੈ। ਇਹਦੇ ਉਪਰਲੇ ਪਹਾੜੀ ਖੇਤਰ ਵਿਚ ਪਣਛੀ ਲਹਿਜਾ ਪ੍ਰਧਾਨ ਤੇ ਥਲੜੇ ਹਿੱਸੇ 'ਚ ਸਰਗੋਧੀ ਉਪ ਬੋਲੀ ਹੈ। ਝਨ੍ਹਾਂ ਪਾਰ ਕਰਦਿਆ ਪੂਰਬ ਵੱਲ ਰਾਵੀ ਦਰਿਆਂ ਦੀਆਂ ਠਾਠਾਂ ਤੀਕਰ ਜੰਮੂ ਦੇ ਇਰਦ-ਗਿਰਦ ਡੋਗਰੀ ਦੇ ਝੰਡੇ ਝੂਲਦੇ ਹਨ, ਅਤੇ ਉੱਚੇ ਪਹਾੜਾਂ ਵਿਚ ਗੋਜਰੀ ਦਾ ਕੇਂਦਰ ਡੋਡਾ ਹੈ। ਹੇਠਾਂ ਪਿੰਡੀ ਭੱਟੀਆਂ, ਸ਼ੇਖੂਪੁਰਾ, ਨਨਕਾਣਾ ਸਾਹਿਬ, ਫੈਸਲਾਬਾਦ ਤੋਂ ਟੋਭਾ ਟੇਕ ਸਿੰਘ ਵਾਲੇ ਵਸੀਹ ਖਿੱਤੇ ਦੀ ਬੋਲੀ ਲਹਿੰਦੀ ਦੀ ਪੁੱਠ ਵਾਲੀ ਝਾਂਗੀ ਤੇ ਜਾਂਗਲੀ ਹੈ। ਅੱਗੋਂ ਰਾਵੀ ਲੰਘ ਬਿਆਸ ਤੋੜੀ ਪੰਜਾਬ ਦਾ ਕੇਂਦਰੀ ਬਾਰੀ ਦੋਆਬ ਅਰਥਾਤ ਮਾਝੇ ਦਾ ਖੇਤਰ ਹੈ। ਲਾਹੌਰ ਕਸੂਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਗੁਜਰਾਂਵਾਲਾ ਟਕਸਾਲੀ ਬੋਲੀ ਮਾਝੀ ਦੇ ਸਿਰਮੌਰ ਖਿੱਤੇ ਹਨ। ਬਿਆਸ ਅਤੇ ਸਤਲੁਜ ਦਰਮਿਆਨ ਉੱਤਰ ਵੱਲ ਪਹਿਲੋਂ ਕੰਢੀ ਦੀ ਰਮਨੀਕ ਜੂਹ ਨੀਮ ਪਹਾੜੀ ਇਲਾਕਾ ਹੈ ਜਿਸਦੇ ਉੱਪਰ ਵੱਲ ਕਾਂਗੜੀ, ਬਿਲਾਸਪੁਰੀ, ਮੰਡਿਆਲੀ ਪਹਾੜੀ ਲਹਿਜੇ ਹਨ ਤੇ ਕੰਢੀ ਦੀ ਆਪਣੀ ਉਪ ਬੋਲੀ ਪਹਾੜੀ ਡੋਗਰੀ ਤੇ ਦੋਆਬੀ ਦੇ ਮਿਸ਼ਰਣ ਵਾਲੀ ਮਿਸ਼ਰੀ ਵਰਗੀ ਮਿੱਠੀ ਬੋਲੀ ਹੈ। ਇਸ ਦਾ ਖੇਤਰ ਰਾਵੀ ਦੇ ਕੰਢਿਆਂ ਪਠਾਣਕੋਟ, ਧਾਰ ਤੋਂ ਸ਼ੁਰੂ ਹੋ ਕੇ ਮੁਕੇਰੀਆਂ, ਤਲਵਾੜਾ, ਕਮਾਹੀ ਦੇਵੀ, ਚਿੰਤਪੁਰਨੀ, ਊਨਾ, ਨੰਗਲ ਜੈਜੋ, ਨੂਰਪੁਰ ਬੇਦੀ, ਰੋਪੜ ਤੋਂ ਵੀ ਅੱਗੇ ਨਾਲਾਗੜ੍ਹ, ਪੰਜੌਰ, ਬੱਦੀ, ਕਾਲਕਾ, ਪਰਵਾਨੂੰ ਤੇ ਚੰਡੀਗੜ੍ਹ ਜਾਂ ਦਰਿਆ ਘੱਗਰ ਤੀਕ ਹੈ। ਇਸ ਤੋਂ ਹੇਠਾਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲੇ ਦੀ ਬੋਲੀ ਦਾ ਦੋਆਬੀ ਲਹਿਜਾ ਆ ਜਾਂਦਾ ਹੈ।

ਅਗਾਂਹ ਪੂਰਬ ਤੇ ਦੱਖਣ ਵੱਲ ਜਾਂਦਿਆਂ ਦਰਿਆ ਸਤਲੁਜ ਅਤੇ ਘੱਗਰ ਵਿਚਕਾਰ ਪੁਆਧੀ ਉਪ ਬੋਲੀ ਦਾ ਖੇਤਰ ਹੈ। ਇਸ ਜੂਹ ਵਿਚ ਅਨੰਦਪੁਰ ਸਾਹਿਬ, ਰੋਪੜ, ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਅੱਧਾ ਫਤਿਹਗੜ੍ਹ ਸਾਹਿਬ ਤੇ ਅੱਧਾ ਪਟਿਆਲੇ ਦਾ ਜਿਲ੍ਹਾ ਅਤੇ ਕੁਝ ਹਿੱਸਾ ਹਰਿਆਣੇ ਦਾ ਅੰਬਾਲਾ ਤੇ ਕੈਥਲ ਦੇ ਜ਼ਿਲ੍ਹੇ ਆ ਜਾਂਦੇ ਹਨ। ਪੁਆਧੀ ਲਹਿਜੇ ਦੀ ਆਪਣੀ ਖੂਬਸੂਰਤੀ ਹੈ। ਦੁਖਦਾਈ ਤੱਥ ਇਹ ਹੈ ਕਿ ਪੁਆਧੀ ਬੋਲੀ ਉੱਤੇ ਚੰਡੀਗੜ੍ਹ ਦੇ ਆਧੁਨਿਕ ਮਹਾਂਨਗਰ ਤੇ ਆਸ-ਪਾਸ ਦੇ ਸ਼ਹਿਰਾਂ ਵਿਚ ਪੰਜਾਬ ਹਰਿਆਣਾ ਹਿਮਾਚਲ ਤੋਂ ਆਈ ਵਣ-ਵਣ ਦੀ ਵਸੋਂ ਅਤੇ ਪੂਰਬੀਆਂ ਦਾ ਗਲਬਾ ਹੋ ਗਿਆ ਹੈ। ਇਹਦੇ ਨਾਲ ਪੁਆਧੀ ਦੀ ਠੁੱਕ ਠੇਠਤਾਈ ਨੂੰ ਗੰਭੀਰ ਸੱਟ ਵੱਜੀ ਹੈ।

ਫੇਰ ਲੁਧਿਆਣਾ, ਮੋਗਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ ਨਾਭਾ ਤੋਂ ਅਮਲੋਹ ਤੱਕ ਦਾ ਇਲਾਕਾ ਮਾਲਵਾ ਅਖਵਾਉਂਦਾ ਹੈ। ਇਸ ਲੰਬੇ ਚੌੜੇ ਖੇਤਰ ਦੀ ਉਪਬੋਲੀ ਮਲਵਈ ਆਖੀ ਜਾਂਦੀ ਹੈ। ਘੱਗਰੋਂ ਪਾਰ ਟੋਹਾਣਾਂ, ਫਤਿਆਵਾਦ ਤੇ ਕੁਝ ਕੁ ਹਿੱਸੇ ਜੀਂਦ ਤੇ ਹਿਸਾਰ ਦਾ ਲਹਿਜਾ ਬਾਗਰੂ ਹੈ। ਸਿਰਸਾ, ਹਿਸਾਰ ਤੇ ਰਾਜਸਥਾਨ ਦਾ ਹਨੂੰਮਾਨ ਗੜ੍ਹ, ਗੰਗਾ ਨਗਰ ਦਾ ਖੇਤਰ ਬਾਗੜੀ ਉਪਬੋਲੀ ਦਾ ਹੈ। ਮਾਲਵੇ ਦੇ ਦੱਖਣ ਪੱਛਮ ਵੱਲ ਮੋੜਾ ਕੱਟਦੇ ਹੋਏ ਫਾਜ਼ਿਲਕਾ ਤੇ ਫਿਰੋਜਪੁਰੋਂ ਸੱਤਲੁਜ ਤੋਂ ਦੱਖਣ ਵੱਲ ਵੱਡਾ ਰੇਗਿਸਤਾਨੀ ਖੇਤਰ ਬਹਾਵਲ ਨਗਰ, ਬਹਾਵਲ ਪੁਰ, ਰਹੀਮਯਾਰ ਖਾਨ ਤੀਕਰ ਬਹਾਉਲੀ / ਸਰਾਇਕੀ ਲਹਿਜਾ ਹੈ। ਅੱਗੋਂ ਸਤਲੁਜ ਤੇ ਰਾਵੀ ਵਿਚਕਾਰ ਲਹਿੰਦੀ ਬੋਲੀ ਦੀ ਜੂਹ ਲੰਮਾ ਦੇਸ ਆ ਜਾਂਦੀ ਹੈ। ਇਹਦੇ ਵਿਚ ਉਕਾੜ੍ਹਾ, ਸਾਹੀਵਾਲ, ਪਾਕਪਟਨ, ਮੁਲਤਾਨ, ਵਿਹਾੜੀ ਦੇ ਪੰਜਾਬ ਦੇ ਧੁਰ ਦੱਖਣੀ ਹਿੱਸੇ ਸਿੰਧੀ ਬੋਲੀ ਨਾਲ ਸਾਂਝ ਰੱਖਣ ਵਾਲੇ ਪੰਜਾਬੀ ਦੀ ਪੁਰਾਤਨ ਵਿਰਾਸਤੀ ਜੁਬਾਨ ਲਹਿੰਦੀ ਦੇ ਖੇਤਰ ਹਨ। ਭਲੇ ਸਮਿਆਂ ਵਿਚ ਮੁਲਤਾਨੀ ਹੀ ਸਾਡੇ ਸੂਫੀ ਬਾਬਿਆਂ, ਕਿੱਸਾ ਕਾਰਾਂ ਤੇ ਗੁਰੂ ਨਾਨਕ ਦੇਵ ਜੀ ਦੇ ਵੇਲਿਆਂ ਤੱਕ ਇਸ ਖਿੱਤੇ ਦੀ ਮੁੱਖ ਬੋਲੀ ਰਹੀ ਹੈ। ਪਿੱਛੋਂ ਆ ਕੇ ਲਾਹੌਰੀ ਜਾਂ ਮਾਝੀ ਨੇ ਪਿੜ ਮੱਲ ਲਿਆ।

1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜ਼ੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ। ਹੁਣ ਤੋਂ ਤੀਹ ਕੁ ਵਰ੍ਹੇ ਪਹਿਲਾਂ ਆਪਣੀਆਂ ਪੰਜਾਬਣ ਮਾਵਾਂ ਦੇ ਜਾਇਆ ਨੇ ਆਪਣੀਆਂ ਜੜ੍ਹਾ ਫਰੋਲਣ ਪਿਛੋਂ ਇਕ ਅਸਲੀ ਤੇ ਨਿਵੇਕਲੀ ਕਿਸਮ ਦੀ ਢਾਣੀ, 'ਪੰਜਾਬੀ ਸੱਥ' ਨਾਮੀਂ ਬਿਲਕੁਲ ਹੇਠਲੀ ਪੱਧਰ ਤੇ ਕੰਮ ਕਰਨ ਵਾਲੀ ਜਥੇਬੰਦੀ ਦਾ ਮੁੱਢ ਬੰਨ੍ਹਿਆ। ਇਸ ਦਾ ਮੁੱਖ ਮਨੋਰਥ ਰਵਾਇਤੀ ਲੀਹ ਤੋਂ ਹਟਵਾਂ ਪੰਜਾਬ ਦੀ ਬੋਲੀ ਵਿਰਾਸਤ, ਸਭਿਆਚਾਰ ਅਤੇ ਇਤਿਹਾਸ ਨੂੰ ਖੰਘਾਲ ਕੇ ਬਦਲਵੇਂ ਤੌਰ ਤਰੀਕਿਆਂ ਰਾਹੀ ਇਸ ਖਿੱਤੇ ਦੇ ਅਤੀਤ ਤੋਂ ਸਬਕ ਸਿੱਖ ਕੇ ਵਰਤਮਾਨ ਵਿਚ ਸਮੇਂ ਦੇ ਹਾਣੀ ਬਣ ਕੇ ਭਵਿੱਖ ਦਾ ਰਸਤਾ ਲੱਭਣਾ ਮਿੱਥਿਆ ਗਿਆ।

ਸਮਾਂ ਬੜਾ ਸਮਰੱਥ ਕਿਰਦਾਰ ਸਦਾ ਹੀ ਨਿਭਾਉਂਦਾ ਰਿਹਾ ਹੈ। ਗਿਆਨ-ਵਿਗਿਆਨ ਨੇ ਨਵੀਆਂ ਤੋਂ ਨਵੀਆਂ ਅਲੋਕਾਰੀ ਕਾਢਾਂ ਰਾਹੀਂ ਅਨੇਕਾਂ ਹੀ ਸੰਦ ਅਤੇ ਤੌਰ ਤਰੀਕੇ ਖੋਜ ਕੇ ਪੰਜਾਬੀ ਦੀ ਸਾਂਭ-ਸੰਭਾਲ, ਤਰੱਕੀ ਕਰਨ ਤੇ ਸਮੇਂ ਦੇ ਹਾਣੀ ਬਣਨ ਦੇ ਰਾਹ ਖੋਲ੍ਹ ਦਿੱਤੇ ਹਨ। ਹੁਣ ਤੋਂ ਸਿਰਫ ਸੱਤਰ ਕੁ ਸਾਲ ਪਹਿਲਾਂ ਪੰਜਾਬੀ ਦੇ ਮੁੱਦਈ ਅਖਬਾਰ ਵੀ ਉਰਦੂ ਵਾਲੇ ਅੱਖਰਾਂ ਵਿਚ ਹੀ ਛਪਦੇ ਸਨ। ਅੱਜ ਪੰਜਾਬੀ ਦੇ ਦਰਜਨਾਂ ਹੀ ਨਹੀਂ ਸੈਂਕੜੇ ਅਖਬਾਰ, ਰਸਾਲੇ ਕਾਗਜਾਂ ਤੇ ਹੀ ਨਹੀਂ ਕੰਪਿਊਟਰ, ਟੈਲੀਫੋਨ ਤੇ ਆਨਲਾਇਨ ਧੜਾ ਧੜ ਛਪਦੇ ਤੇ ਪੜ੍ਹੇ ਜਾਂਦੇ ਹਨ। ਹੱਦਾਂ, ਸਰਹੱਦਾਂ, ਹਕੂਮਤਾਂ ਲੋਕਾਈ ਦੀਆਂ ਬੋਲੀਆਂ ਤੇ ਲਿਪੀਆਂ ਦੇ ਪਸਾਰ ਨੂੰ ਡੱਕਣ ਵਿਚ ਅਸਫਲ ਹੋ ਚੁੱਕੀਆਂ ਹਨ। ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਦੇ ਮੁੱਢਲੇ ਸਾਲਾਂ ਨੇ ਮੌਕੇ ਬਖਸ਼ੇ ਹਨ ਕਿ ਅਸੀਂ ਆਪਣੀ ਹੀਣਤਾਈ ਦੇ ਖੋਲ ਵਿਚੋਂ ਬਾਹਰ ਨਿਕਲ ਕੇ ਖੁੱਲ੍ਹੇ-ਡੁੱਲ੍ਹੇ ਮੋਕਲੇ ਮਾਹੌਲ ਵਿਚ ਆਪਣਾ ਸਵੈ-ਮਾਣ ਤੇ ਅਣਖ ਦੀਆਂ ਵਿਰਾਸਤੀ ਸ਼ਾਨਾਂ ਜੱਗ ਜਾਹਰ ਕਰੀਏ। ਮੜਕ ਨਾਲ ਤੁਰਨ ਦੀ ਜਾਂਚ ਸਿੱਖ ਕੇ ਅੱਗੇ ਤੋਂ ਅੱਗੇ ਵਧੀਏ। ਕੁਦਰਤ ਵੱਲੋਂ ਬਖ਼ਸ਼ੀ ਦਾਤ ਰੂਪੀ ਸੁਰਤ ਤੇ ਸੋਝੀ ਰਾਹੀਂ ਭਿੰਨ ਭਿੰਨ ਲਹਿਜਿਆਂ 'ਚੋਂ ਮਾਂ ਪੰਜਾਬੀ ਦਾ ਮੁਹਾਂਦਰਾ ਪਛਾਣੀਏ।

● ● ●

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ, ਅਰੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

-ਸ਼ਾਹ ਮੁਹੰਮਦ

(ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)

ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਫਰਵਰੀ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.)), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ :-

ਫਰਵਰੀ ਮਹੀਨੇ ਦੀ ਕੁੱਲ ਆਮਦਨ - 6,51,364.55/- ਰੁਪਏ

ਫਰਵਰੀ ਮਹੀਨੇ ਦਾ ਕੁੱਲ ਖਰਚਾ - 4,13,384.21/- ਰੁਪਏ

2. ਫ਼ਰਵਰੀ (ਫ਼ੱਗਣ) ਮਹੀਨੇ ਦੀ ਸੰਗਰਾਂਦ ਬਾਰੇ - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਫੱਗਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 12.02.2026 ਨੂੰ ਬੜੀ ਹੀ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਗਿਆ। ਇਸ ਪਾਵਨ ਸਮਾਗਮ ਵਿੱਚ ਪ੍ਰਧਾਨ ਜੀ, ਸੀਨੀ. ਵਾਈਸ ਪ੍ਰਧਾਨ (ਹੈ.ਕੁ.), ਜਨਰਲ ਸਕੱਤਰ, ਵਿੱਤ ਸਕੱਤਰ, ਵਾਈਸ ਪ੍ਰਧਾਨ (ਹੈ.ਕੁ.), ਅਤੇ ਸੰਸਥਾ ਦੇ ਲਗਭਗ ਸਾਰੇ ਸੀਨੀਅਰ ਪ੍ਰਬੰਧਕ ਕਮੇਟੀ ਮੈਂਬਰ ਹਾਜ਼ਰ ਰਹੇ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰੱਸਭਿੰਨਾਂ ਅਤੇ ਮਨਮੋਹਕ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਧਾਨ ਜੀ ਨੇ ਆਪਣੇ ਸੰਬੋਧਨ ਵਿੱਚ ਫੱਗਣ ਮਹੀਨੇ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਸਭ ਨੂੰ ਇਕਜੁੱਟ ਰਹਿ ਕੇ ਸੇਵਾ, ਸਮਾਜਕ ਅਤੇ ਧਾਰਮਿਕ ਕਾਰਜਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

3. ਡੈਂਟਲ ਕਲੀਨਿਕ ਦੀ ਰਿਪੋਰਟ - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਚੱਲ ਰਹੀਆਂ ਡੈਂਟਲ ਸੇਵਾਵਾਂ ਡਾ. ਅਕਸ਼ੇ ਠਾਕੁਰ (ਐੱਮ.ਡੀ.ਐੱਸ.) ਦੀ ਨਿਗਰਾਨੀ ਹੇਠ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਰਾਹਣਯੋਗ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਵਲੋਂ ਮਰੀਜ਼ਾਂ ਨੂੰ ਡੈਂਟਲ ਦੀਆਂ ਸੇਵਾਵਾਂ ਸ਼ਫ਼ਾਈ, ਆਧੁਨਿਕ ਇਲਾਜ ਅਤੇ ਸੰਵੇਦਨਸ਼ੀਲ ਦੇਖਭਾਲ ਨਾਲ ਬੜੇ ਹੀ ਸੁਚੱਜੇ ਢੰਗ ਨਾਲ ਦਿੱਤੀਆਂ ਜਾ ਰਹੀਆਂ ਹਨ।

4. ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ - ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਦੇ ਭਵਨ ਦੀ ਫਾਇਰ ਫਾਈਟਿੰਗ ਐਨ.ਓ.ਸੀ. ਸੰਬੰਧੀ ਕਾਰਵਾਈ ਜਾਰੀ ਹੈ। ਸੰਸੋਧਿਤ ਬਿਲਡਿੰਗ ਪਲਾਨ ਜਿਵੇਂ ਹੀ ਅਧਿਕਾਰਿਕ ਤੌਰ 'ਤੇ ਸਾਈਟ 'ਤੇ ਅੱਪਡੇਟ ਕੀਤਾ ਜਾਵੇਗਾ, ਉਸ ਦੇ ਨਾਲ ਨਵਾਂ ਫਾਇਰ ਫਾਈਟਿੰਗ ਪਲਾਨ ਵੀ ਅੱਪਡੇਟ ਕੀਤਾ ਜਾਵੇਗਾ। ਇਸ ਤੋਂ ਬਾਅਦ ਨਿਯਮਾਂ ਅਨੁਸਾਰ ਜ਼ਰੂਰੀ ਕੰਮ ਭਵਨ ਵਿੱਚ ਤੁਰੰਤ ਕਰਵਾਏ ਜਾਣਗੇ ਤਾਂ ਜੋ ਸੁਰੱਖਿਆ ਮਿਆਰਾਂ ਦੀ ਪੂਰੀ ਪਾਲਣਾ ਹੋ ਸਕੇ। ਪ੍ਰਬੰਧਕ ਕਮੇਟੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੀ ਹੋਈ ਸਾਰੇ ਲੋੜੀਂਦੇ ਕਦਮ ਚੁੱਕ ਰਹੀ ਹੈ, ਤਾਂ ਕਿ ਭਵਨ ਦੀ ਸੁਰੱਖਿਆ ਅਤੇ ਸੁਚਾਰੂ ਕਾਰਗੁਜਾਰੀ ਯਕੀਨੀ ਬਣਾਈ ਜਾ ਸਕੇ।

5. ਰਿਵਾਇਜ਼ਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਵਿਖੇ ਚੱਲ ਰਹੇ ਕੇਸ ਦਾ ਵੇਰਵਾ - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਭਵਨ ਦਾ ਸੰਸੋਧਿਤ ਬਿਲਡਿੰਗ ਪਲਾਨ ਤਿਆਰ ਕਰ ਲਿਆ ਗਿਆ ਹੈ। ਵਰਕਿੰਗ ਕਮੇਟੀ ਵੱਲੋਂ ਇਸ ਪਲਾਨ ਨੂੰ ਕੁਝ ਹਲਕੀਆਂ ਤਬਦੀਲੀਆਂ ਨਾਲ ਮਨਜ਼ੂਰੀ ਦਿੱਤੀ ਗਈ ਸੀ। ਸਿਫਾਰਸ਼ ਕੀਤੀਆਂ ਤਬਦੀਲੀਆਂ ਨੂੰ ਲਾਗੂ ਕਰ ਦਿੱਤਾ ਗਿਆ ਹੈ ਅਤੇ ਹੁਣ ਪਲਾਨ ਜਮ੍ਹਾਂ ਕਰਵਾਉਣ ਲਈ ਤਿਆਰ ਹੈ, ਜੋ ਜਲਦੀ ਹੀ ਸੰਬੰਧਿਤ ਅਧਿਕਾਰੀਆਂ ਕੋਲ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਐਸ.ਡੀ.ਐਮ. ਈਸਟ, ਚੰਡੀਗੜ੍ਹ ਦੀ ਅਦਾਲਤ ਵਿੱਚ ਚੱਲ ਰਹੀ ਕਾਰਵਾਈ ਸੰਬੰਧੀ ਅਗਲੀ ਸੁਣਵਾਈ 06-04-2026 ਨਿਰਧਾਰਤ ਹੈ। ਕਮੇਟੀ ਵੱਲੋਂ ਇਸ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਸਮੇਂ-ਸਮੇਂ 'ਤੇ ਬੜੇ ਚੁੱਕਵੇਂ ਢੰਗ ਨਾਲ ਕੀਤੀ ਜਾ ਰਹੀ ਹੈ।

6. ਮੈਰਿਟ ਕਮ ਮੀਨਜ਼ ਸਕਾਲਰਸ਼ਿਪ - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਸਾਲ 2025-26 ਦੇ ਸਕਾਲਰਸ਼ਿਪ ਫ਼ਾਰਮ ਜਮਾਂ ਕਰਾਉਣ ਦੀ ਨਿਰਧਾਰਿਤ ਮਿਤੀ 15.02.2026 ਤੋਂ ਵਧਾ ਕੇ 15.03.2026 ਕਰ ਦਿੱਤੀ ਗਈ ਹੈ। ਇਸ ਦਾ ਬਿਨੈ-ਪੱਤਰ ਲੁਬਾਣਾ ਸੇਵਕ ਇੱਕ ਵਾਰ ਫ਼ਿਰ

ਮੈਗਜ਼ੀਨ ਵਿਚ ਛਾਪਿਆ ਜਾ ਰਿਹਾ ਹੈ ਅਤੇ ਫ਼ਾਰਮ ਦੀ ਕਾਪੀ ਤੁਸੀਂ ਭਵਨ ਦੇ ਮੋਬਾਇਲ ਨੰਬਰ 73470-65188 ਤੇ ਕਾਲ ਜਾਂ ਵਟਸ-ਐਪ ਰਾਹੀਂ ਵੀ ਪ੍ਰਾਪਤ ਕਰ ਸਕਦੇ ਹੋ। ਉਕਤ ਸਕਾਲਰਸ਼ਿਪ ਫ਼ਾਰਮ ਭਵਨ ਦੇ ਦਫ਼ਤਰ ਵਿਚ ਸਾਰੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 05 ਵਜੇ ਤੱਕ ਜਮਾਂ ਕਰਵਾ ਸਕਦੇ ਹੋ ਜਾਂ ਡਾਕ ਰਾਹੀ ਵੀ ਭੇਜ ਸਕਦੇ ਹੋ। ਵਿਦਿਆਰਥੀਆਂ ਨੂੰ ਬੇਨਤੀ ਹੈ ਕਿ ਉਹ ਬਿਨੈ-ਪੱਤਰ ਨੂੰ ਸਹੀ ਤਰੀਕੇ ਨਾਲ ਪੜ੍ਹ ਕੇ, ਪੂਰਨ ਤੌਰ ਤੇ ਭਰਨ ਅਤੇ ਉਹਨਾਂ ਦੇ ਨਾਲ ਜੋ ਵੀ ਦਸਤਾਵੇਜ਼ ਮੰਗੇ ਗਏ ਹਨ, ਉਹ ਨਾਲ ਨੱਥੀ ਕਰ ਕੇ ਭੇਜਣ ਤਾਂ ਜੋ ਉਹਨਾਂ ਨੂੰ ਭਵਨ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਯਕੀਨੀ ਤੌਰ ਤੇ ਮਿਲ ਸਕੇ।

7. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਸੈਕਟਰ 30ਏ, ਚੰਡੀਗੜ੍ਹ ਦੀ ਵਰਕਿੰਗ ਕਮੇਟੀ ਦੀ ਮੀਟਿੰਗ 21 ਫਰਵਰੀ 2026 ਦਿਨ ਸ਼ਨੀਵਾਰ ਨੂੰ ਕਾਨਫਰੰਸ ਹਾਲ ਵਿਚ ਸਵੇਰੇ 11.30 ਵਜੇ ਆਯੋਜਿਤ ਕੀਤੀ ਗਈ, ਜਿਸ ਵਿੱਚ 20 ਵਿਚੋਂ 17 ਮੈਂਬਰ ਹਾਜ਼ਰ ਰਹੇ। ਮੀਟਿੰਗ ਦੀ ਸ਼ੁਰੂਆਤ ਮੂਲ-ਮੰਤਰ ਦੇ ਜਾਪ ਨਾਲ ਕੀਤੀ ਗਈ। ਮੀਟਿੰਗ ਦੌਰਾਨ ਭਵਨ ਦੀ ਭਲਾਈ ਅਤੇ ਵਿਕਾਸ ਨਾਲ ਸੰਬੰਧਿਤ ਕਈ ਮਹੱਤਵਪੂਰਨ ਫੈਸਲੇ ਲਏ ਗਏ। ਵਰਕਿੰਗ ਕਮੇਟੀ ਵੱਲੋਂ 9 ਨਵੀਆਂ ਮੈਂਬਰਸ਼ਿਪਾਂ ਨੂੰ ਮਨਜ਼ੂਰੀ ਦਿੱਤੀ ਗਈ। ਵਿੱਤ ਸਕੱਤਰ ਵੱਲੋਂ ਸੰਸਥਾ ਦੀ ਆਮਦਨ ਅਤੇ ਖਰਚੇ ਦਾ ਵਿਸਥਾਰ ਨਾਲ ਹਿਸਾਬ-ਕਿਤਾਬ ਪੇਸ਼ ਕੀਤਾ ਗਿਆ। ਭਵਨ ਵਿੱਚ ਚੱਲ ਰਹੇ ਸਾਰੇ ਕੰਮਾਂ ਅਤੇ ਉਨ੍ਹਾਂ ਦੇ ਖਰਚ ਨੂੰ ਸਹਿਮਤੀ ਨਾਲ ਮਨਜ਼ੂਰ ਕੀਤਾ ਗਿਆ। ਇਸ ਤੋਂ ਇਲਾਵਾ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੀਟਿੰਗ ਸਹਿਯੋਗਾਤਮਕ ਅਤੇ ਸੁਚੱਜੇ ਮਾਹੌਲ ਵਿੱਚ ਬਹੁਤ ਸਫਲ ਰਹੀ ਅਤੇ ਸਾਰੇ ਮੈਂਬਰਾਂ ਨੇ ਭਵਨ ਦੀ ਤਰੱਕੀ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਦੁਹਰਾਇਆ।

8. **ਵਿੱਤ ਕਮੇਟੀ ਦੀ ਮੀਟਿੰਗ ਬਾਰੇ** - ਵਿੱਤ ਕਮੇਟੀ ਦੀ ਤੀਸਰੀ ਮੀਟਿੰਗ ਮਿਤੀ 21.02.2026 ਦਿਨ ਸ਼ਨੀਵਾਰ ਦੁਪਿਹਰ 3 ਵਜੇ ਕਾਨਫਰੰਸ ਹਾਲ, ਲੁਬਾਣਾ ਭਵਨ ਵਿਖੇ ਮਾਨਯੋਗ ਪ੍ਰਧਾਨ, ਇੰਜੀ. ਭਗਵਾਨ ਸਿੰਘ ਲੁਬਾਣਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਵਿੱਤ ਕਮੇਟੀ ਦੇ ਮੈਂਬਰ ਸਾਹਿਬਾਨਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੀਟਿੰਗ ਵਿੱਚ ਏਜੰਡੇ ਦੇ ਮੁਤਾਬਿਕ ਪਿਛਲੀ ਵਰਕਿੰਗ ਕਮੇਟੀ ਦੇ ਮਿੰਨਟਸ ਦੀ ਪ੍ਰਵਾਨਗੀ ਸਰਬ-ਸੰਮਤੀ ਨਾਲ ਹੋਈ। ਵਿੱਤ ਸਕੱਤਰ, ਸ. ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਨੇ ਭਵਨ ਦੀ ਵਿੱਤੀ ਸਥਿਤੀ, ਆਮਦਨ ਅਤੇ ਖਰਚ ਦਾ ਵਿਸਥਾਰਿਤ ਵੇਰਵਾ ਮਿਤੀ 01.07.2025 ਤੋਂ ਲੈ ਕੇ ਮਿਤੀ 31.01.2026 ਤੱਕ ਦਿੱਤਾ ਅਤੇ ਸਮੂਹ ਮੈਂਬਰ ਸਾਹਿਬਾਨ ਨੇ ਵਿਸਥਾਰਿਤ ਚਰਚਾ ਉਪਰੰਤ ਇਸਦੀ ਪ੍ਰਵਾਨਗੀ ਦਿੱਤੀ ਅਤੇ ਮੀਟਿੰਗ ਬੜੇ ਹੀ ਸੁਚਾਰੂ ਢੰਗ ਨਾਲ ਸਮਾਪਤ ਹੋਈ।

9. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਫਰਵਰੀ ਮਹੀਨੇ ਦੌਰਾਨ ਭਵਨ ਵਿੱਚ ਕਈ ਮਹੱਤਵਪੂਰਨ ਕੰਮ ਸੰਪੰਨ ਕੀਤੇ ਗਏ -

(ੳ) ਪੁਰਾਣਾ ਸੋਲਰ ਇਨਵਰਟਰ ਸ਼ਾਰਟ ਸਰਕਿਟ ਕਾਰਨ ਖਰਾਬ ਹੋ ਜਾਣ ਕਰਕੇ ਭਵਨ ਵਿੱਚ ਨਵਾਂ ਸੋਲਰ ਇਨਵਰਟਰ ਸਥਾਪਿਤ ਕੀਤਾ ਗਿਆ ਹੈ। ਇਸ ਸੋਲਰ ਇਨਵਰਟਰ ਦੀ 10 ਸਾਲ ਦੀ ਗਰੰਟੀ ਹੈ ਅਤੇ ਇਸ ਵਿਚ ਆਧੁਨਿਕ ਸੇਫਟੀ ਫੀਚਰ ਵੀ ਉਪਲੱਬਧ ਹਨ। ਜਿਸ ਕਰਕੇ ਭਵਨ ਵਿਖੇ ਬਿਜਲੀ ਪ੍ਰਬੰਧ ਹੋਰ ਮਜਬੂਤ ਅਤੇ ਸੁਚਾਰੂ ਹੋ ਗਿਆ ਹੈ।

(ਅ) ਲੁਬਾਣਾ ਭਵਨ ਦੇ ਗੁਰਦੁਆਰਾ ਸਾਹਿਬ ਵਿੱਚ ਪਹਿਲਾ ਚੰਦੋਆ ਸਾਹਿਬ ਜੋ ਕਿ ਰੱਸੀਆਂ ਦੀ ਸਹਾਇਤਾ ਨਾਲ ਲਗਾਇਆ ਹੋਇਆ ਸੀ, ਨੂੰ ਬਦਲ ਕੇ ਨਵੇਂ ਅਤੇ ਆਧੁਨਿਕ ਡਿਜ਼ਾਇਨ ਸਟੀਲ ਦਾ ਫਰੇਮ ਲਗਾਇਆ ਗਿਆ ਹੈ। ਇਸ ਸਬੰਧੀ ਚੰਦੋਆ ਸਾਹਿਬ ਦੀ ਦੀ ਸੇਵਾ ਮਾਨਯੋਗ ਮੈਂਬਰਾਂ ਵੱਲੋਂ ਬੜੀ ਖੁੱਲ੍ਹਦਿਲੀ ਨਾਲ ਕੀਤੀ ਗਈ। ਜਿਸ ਨਾਲ ਗੁਰਦੁਆਰਾ ਸਾਹਿਬ ਦੀ ਅੰਦਰਲੀ ਦਿੱਖ ਬਹੁਤ ਹੀ ਖ਼ੂਬਸੂਰਤ ਬਣੀ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਜੀ ਦੇ ਆਸਣ ਲਈ ਨਵਾਂ ਪੀੜਾ ਸਾਹਿਬ ਤਿਆਰ ਕੀਤਾ ਜਾ ਰਿਹਾ ਹੈ ਜੋ ਕਿ ਆਉਣ ਵਾਲੇ ਸੰਗਰਾਂਦ ਦੇ ਦਿਹਾੜੇ 'ਤੇ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ਅੰਦਰਲੀ ਛੱਤ ਦੀ ਰਿਪੇਅਰ ਵੀ ਕੀਤੀ ਜਾ ਰਹੀ ਹੈ ਅਤੇ ਇਹ ਸਾਰਾ ਕੰਮ ਆਉਣ ਵਾਲੀ ਸੰਗਰਾਂਦ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

(ੲ) ਭਵਨ ਦੇ ਗੁਰਦੁਆਰਾ ਬਲਾਕ ਦੇ ਨੇੜੇ ਵਾਲਾ ਗੇਟ ਮੁੱਖ ਆਰਕੀਟੈਕਟ, ਚੰਡੀਗੜ੍ਹ ਦੀ ਮਨਜ਼ੂਰੀ ਉਪਰੰਤ ਖੋਲ੍ਹ ਦਿੱਤਾ ਗਿਆ ਹੈ, ਜੋ ਕਿ ਕਾਨੂੰਨੀ ਤੌਰ 'ਤੇ ਬਹੁਤ ਵੱਡੀ ਉਪਲੱਬਧੀ ਹੈ। ਜਿਸ ਨਾਲ ਆਵਾਜਾਈ ਹੋਰ ਸੁਵਿਧਾਜਨਕ ਹੋ ਗਈ ਹੈ।

(ਸ) ਲੁਬਾਣਾ ਭਵਨ ਦੀ ਚਾਰਦੀਵਾਰੀ ਜੋ ਕਿ ਪਿਛਲੇ ਕਈ ਸਾਲਾਂ ਤੋਂ ਪੇਂਟ ਨਾ ਹੋਣ ਕਰਕੇ ਖਰਾਬ ਹਾਲਤ ਵਿਚ ਦਿੱਸਦੀ ਸੀ, ਉਸ ਨੂੰ ਪੇਂਟ ਕਰਨ ਦਾ ਕੰਮ ਚਾਲੂ ਕਰ ਦਿੱਤਾ ਗਿਆ ਹੈ। ਲੁਬਾਣਾ ਭਵਨ ਦੀ ਸਾਰੀ ਚਾਰਦੀਵਾਰੀ ਸਮੇਤ ਗੇਟ ਦੀ ਪੇਂਟ ਦਾ ਕੰਮ ਇਸ ਮਹੀਨੇ ਦੇ ਅਖੀਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਸਚੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਅਮਰੀਕੀ ਠਾਣੇਦਾਰੀ ਦੀ ਇਕ ਹੋਰ ਮਿਸਾਲ - ਇਰਾਨ ਤੇ ਕੀਤਾ ਗਿਆ ਹਮਲਾ


ਦੁਨੀਆਂ ਭਰ ਵਿਚ ਕੋਈ ਅੱਠ ਕੁ ਕਰੀਬ ਵੱਖ-ਵੱਖ ਮੁਲਕਾਂ ਵਿਚ ਹੋ ਰਹੀਆਂ ਜਾਂ ਹੋਣ ਜਾ ਰਹੀਆਂ ਆਪਸੀ ਜੰਗਾਂ ਨੂੰ ਰੁਕਵਾਉਣ ਜਾਂ ਰੋਕਣ ਵਿਚ ਅਹਿਮ ਭੂਮਿਕਾ ਨਿਭਾਉਣ ਦਾ ਦਾਅਵਾ ਕਰਕੇ ਸ਼ਾਂਤੀ ਨੋਬਲ ਪੁਰਸਕਾਰ ਲਈ ਆਪਣੇ ਆਪ ਨੂੰ ਪ੍ਰਮੁੱਖ ਦਾਅਵੇਦਾਰ ਦੱਸਣ



ਵਾਲੇ ਆਪਣੇ ਮੂੰਹ ਮੀਆਂ ਮਿੱਠੂ ਬਨਣ ਵਾਲੇ ਅਮਰੀਕੀ ਸਦਰ ਡੋਨਾਲਡ ਟਰੰਪ ਨੇ ਆਪਣੇ ਖਾਸ ਸਾਥੀ ਇਜ਼ਰਾਇਲ ਦੇ ਜ਼ਰੀਏ ਮੱਧ ਪੂਰਬ ਦੇ ਅਹਿਮ ਦੇਸ਼ ਇਰਾਨ ਉੱਤੇ ਇਕ ਵੱਡਾ ਹਮਲਾ ਕਰ ਦਿੱਤਾ ਹੈ। ਇਸ ਅਚਨਚੇਤੀ ਹਮਲੇ ਨੇ ਈਰਾਨ ਦੇ ਕਈ ਸ਼ਹਿਰਾਂ, ਮੰਤਰਾਲਿਆਂ, ਪ੍ਰਮਾਣੂ ਸੰਬੰਧਿਤ ਥਾਵਾਂ ਤੇ ਫੌਜੀ ਬੁਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਕਾਰਨ ਪੂਰੇ ਵਿਸ਼ਵ ਤੇ ਖਾਸ ਕਰਕੇ ਮੱਧ ਪੂਰਬ ਵਿਚ ਬੇਹੱਦ ਤਨਾਅ ਭਰਪੂਰ ਹਾਲਾਤ ਹੋ ਗਏ ਹਨ। ਹਮਲੇ ਵਿਚ ਈਰਾਨੀ ਸੁਪਰੀਮ ਲੀਡਰ ਆਤਉਲਾਹ ਖਮੀਨੀ ਸਮੇਤ ਕਈ ਫੌਜੀ ਅਤੇ ਸਿਵਲ ਦੇ ਪ੍ਰਮੁੱਖ ਅਧਿਕਾਰੀ ਅਤੇ ਨੇਤਾ ਮਾਰੇ ਗਏ ਹਨ। ਈਰਾਨ ਨੇ ਵੀ ਜਵਾਬੀ ਕਾਰਵਾਈ ਵਿਚ ਮੱਧ ਪੂਰਬ ਵਿਚ ਅਮਰੀਕਾ ਦੇ ਅੱਠ ਵੱਖ-ਵੱਖ ਫੌਜੀ ਟਿਕਾਣਿਆਂ ਤੇ ਡਰੋਨ ਹਮਲੇ ਕੀਤੇ ਹਨ। ਜਿਨ੍ਹਾਂ ਵਿਚ ਪ੍ਰਮੁੱਖ ਕਤਰ ਦੇ ਅਲ ਉਦੀਦ, ਕੁਵੈਤ ਦੇ ਅਲ ਸਲੇਮ, ਯੂ.ਏ.ਈ. ਦੇ ਅਲ-ਸਫਰ, ਰਿਆਧ, ਸਾਉਦੀ ਅਰਬ ਤੇ ਬਹਿਰੀਨ ਸ਼ਾਮਲ ਹਨ। ਭਾਵੇਂ ਕਿ ਉਮਾਨ ਦੀ ਵਿਚੋਲਗੀ ਨਾਲ ਈਰਾਨ, ਅਮਰੀਕਾ-ਇਜ਼ਰਾਇਲ ਵਿਚ ਤਿੰਨ ਧਿਰੀ ਗੱਲਬਾਤ ਵੀ ਚੱਲ ਰਹੀ ਸੀ। ਪ੍ਰੰਤੂ ਗੱਲਬਾਤ ਦੇ ਆਖਰੀ ਦੌਰ ਤੋਂ ਪਹਿਲਾਂ ਹੀ ਟਰੰਪ-ਨੇਤਨਯਾਹੂ ਦੀ ਜੋੜੀ ਨੇ ਈਰਾਨ 'ਤੇ ਹਮਲਾ ਕਰ ਦਿੱਤਾ। ਅਸਲ ਵਿਚ ਇਹ ਗੱਲਬਾਤ ਵੀ ਸਿਰਫ਼ ਇਕ ਢੋਂਗ ਹੀ ਸੀ। ਈਰਾਨ ਤੇ ਸਮਝੌਤੇ ਨਜ਼ਦੀਕੀ ਨਾ ਆਉਣ ਦਾ ਬਹਾਨਾ ਬਣਾ ਕੇ ਪਹਿਲਾਂ ਹੀ ਈਰਾਨ ਵਿਰੁੱਧ ਜੰਗ ਛੇੜ ਦਿੱਤੀ ਗਈ। ਇਹ ਹਮਲਾ ਸੰਯੁਕਤ ਰਾਸ਼ਟਰ ਦੇ ਚਾਰਟਰ ਨੰ. 2 ਦੀ ਸਿੱਧੀ ਉਲੰਘਣਾ ਹੈ, ਇਸ ਨੂੰ ਈਰਾਨ ਦੀ ਪ੍ਰਭੂਸੱਤਾ ਤੇ ਅਨਿਆਈ ਅਤੇ ਵਿਸ਼ਵਾਸਘਾਤੀ ਹਮਲਾ ਕਿਹਾ ਜਾ ਸਕਦਾ ਹੈ। ਅਸਲ ਵਿਚ ਅਮਰੀਕਾ ਇਜ਼ਰਾਇਲ ਮੱਧ ਪੂਰਬ ਦੇ ਖਾੜੀ ਦੇਸ਼ਾਂ ਵਿਚ ਈਰਾਨ ਦੇ ਪ੍ਰਭਾਵ ਨੂੰ ਬਿਲਕੁਲ ਖਤਮ ਕਰਨਾ ਚਾਹੁੰਦੇ ਹਨ। ਉਹ ਈਰਾਨ ਵਿਚ ਇਕ ਅਮਰੀਕਾ ਪੱਖੀ ਨਵੀਂ ਸਰਕਾਰ ਸਥਾਪਤ ਕਰਕੇ ਉਥੇ ਦੇ ਤੇਲ ਭੰਡਾਰਾਂ ਤੇ ਕਬਜ਼ੇ ਦੇ ਨਾਲ-ਨਾਲ ਈਰਾਨ ਵੱਲੋਂ ਬਣਾਈਆਂ ਲੰਮੀ ਦੂਰੀ ਦੀਆਂ ਮਿਜ਼ਾਇਲਾਂ ਅਤੇ ਪ੍ਰਮਾਣੂ ਹਥਿਆਰਾਂ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ। ਟਰੰਪ ਫਲਸਤੀਨੀ ਮਸਲੇ ਦੇ ਹੱਲ ਵਿਚ ਈਰਾਨ ਨੂੰ ਇਕ ਵੱਡੀ ਸਮੱਸਿਆ ਸਮਝਦੇ ਹਨ। ਇਸ ਮਸਲੇ ਤੇ ਈਰਾਨ ਦੀ ਚੁਣੌਤੀ ਨੂੰ ਇਹ ਬਿਲਕੁਲ ਖਤਮ ਕਰਨ ਦੇ ਨਾਲ-ਨਾਲ ਬ੍ਰਿਕਸ ਦੇਸ਼ਾਂ ਦੇ ਖਿੱਤੇ ਵਿਚ ਵੱਧ ਰਹੇ ਪ੍ਰਭਾਵ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ। ਸਮੁੱਚੇ ਸ਼ਾਂਤੀ ਪਸੰਦ ਦੇਸ਼ਾਂ ਨੂੰ ਸੰਯੁਕਤ ਰਾਸ਼ਟਰ ਦੇ ਜ਼ਰੀਏ ਆਪਣੀ-ਆਪਣੀ ਹੈਸੀਅਤ ਮੁਤਾਬਿਕ ਇਹ ਜੰਗ ਰੁਕਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

(2) ਕੇਂਦਰੀ ਸਰਕਾਰ ਦਾ ਬੀਜ ਬਿੱਲ ਅਤੇ ਕਿਸਾਨਾਂ ਦੇ ਖਦਸ਼ੇ


ਇਹ ਇਕ ਵੱਡੀ ਸੱਚਾਈ ਹੈ ਕਿ ਖੇਤੀ ਜਾਂ ਫਸਲ ਦਾ ਮੁੱਖ ਅਧਾਰ ਚੰਗਾ ਬੀਜ ਹੀ ਹੈ। ਬੀਜ ਹੀ ਕਿਸੇ ਖੇਤੀ ਦਾ ਚੰਗਾ-ਮਾੜਾ ਹੋਣ ਦਾ ਮੁੱਢ ਬੰਨਦਾ ਹੈ। ਇਸ ਨੂੰ ਖੇਤੀ ਦੀ ਗੀੜ ਦੀ ਹੱਡੀ ਕਹਿ ਲਈਏ ਤਾਂ ਵੀ ਅਤਿਕਥਨੀ ਨਹੀਂ ਹੋਵੇਗੀ। ਪੰਜਾਬ ਵਿਚ ਕਿਸਾਨੀ ਵਿਚ ਇਹ ਰਿਵਾਜ਼ ਰਿਹਾ ਹੈ ਕਿ ਨਵੀਂ ਫਸਲ ਆਉਣ ਤੇ ਹਰ ਕਿਸਾਨ ਆਪਣੇ ਸਭ ਤੋਂ ਚੰਗੀ ਉਪਜ ਦੇਣ ਵਾਲੀ ਜ਼ਮੀਨ ਵਿਚੋਂ ਅਗਲੇ ਸਾਲ ਦੀ ਫਸਲ ਬਿਜਾਈ ਲਈ ਬੀਜ ਸਾਫ਼ ਕਰਕੇ ਆਪਣੇ ਘਰੇ ਰੱਖ ਲੈਂਦਾ ਹੈ। ਸਮੇਂ ਦੇ ਨਾਲ-ਨਾਲ ਪ੍ਰਮੁੱਖ ਖੇਤੀ ਵਿਗਿਆਨੀਆਂ ਨੇ ਇਸ ਸਾਲੋ-ਸਾਲ ਚਲਦੇ ਬੀਜ ਦੀ ਗੁਣਵੰਤਾ, ਉੱਗਣ ਸ਼ਕਤੀ, ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਅਤੇ ਉਪਜ ਦੇ ਝਾੜ ਪ੍ਰਤੀ ਆਪੋ ਆਪਣੀ ਕਈ ਸ਼ੰਕੇ ਉਪਜਾਏ ਹਨ ਜੋ ਕਿ ਵੱਖ-ਵੱਖ ਖੋਜ ਕੇਂਦਰਾਂ ਅਤੇ ਯੂਨੀਵਰਸਿਟੀਆਂ ਰਾਹੀਂ ਇਸ ਦਾ



ਬਦਲ ਲੱਭਣ ਦੀਆਂ ਸਿਫਾਰਿਸ਼ਾਂ ਸਾਹਿਤ ਸਰਕਾਰ ਨੂੰ ਸੰਸਥਾਵਾਂ ਵੱਲੋਂ ਭੇਜੇ ਜਾਂਦੇ ਹਨ। ਸਾਡੇ ਬਚਪਨ ਵਿਚ ਅਸੀਂ ਕਾਮਰੇਡਾਂ ਵੱਲੋਂ ਪੰਜਾਬ ਅਤੇ ਕੇਂਦਰ ਸਰਕਾਰ ਦੇ ਭਾਖੜਾ ਬੰਨ ਤੇ ਪਾਣੀ ਰੋਕ ਕੇ ਬਿਜਲੀ ਬਨਾਉਣ ਦੇ ਪ੍ਰਾਜੈਕਟ ਨੂੰ ਵੀ ਪਿੰਡ-ਪਿੰਡ ਜਾ ਕੇ 'ਪਾਣੀ ਵਿਚ ਬਿਜਲੀ ਹੀ ਕੱਢ ਲੈਣੀ' ਦੇ ਨਾਅਰੇ ਨਾਲ ਪ੍ਰਚਾਰਿਆ ਸੀ। ਡੈਮ ਬਨਣ ਉਪਰੰਤ ਨਹਿਰੀ ਪਾਣੀ ਅਤੇ ਡੈਮ ਦੀ ਬਣੀ ਬਿਜਲੀ ਨਾਲ ਪੰਜਾਬ ਦੀਆਂ ਲਹਿਰਾਂ-ਬਹਿਰਾਂ ਹੋਈਆਂ ਤੇ ਹਰੀ ਕ੍ਰਾਂਤੀ ਵੀ ਸੰਭਵ ਹੋ ਸਕੀ ਸੀ। ਕਿਸਾਨਾਂ ਦਾ ਵੱਡਾ ਖਦਸ਼ਾ ਇਹ ਹੈ ਕਿ ਬੀਜ ਮੰਡੀ ਉੱਤੇ ਵੱਡੇ ਉਦਯੋਗਿਕ ਘਰਾਣਿਆਂ ਦਾ ਕਬਜ਼ਾ ਹੋ ਜਾਵੇਗਾ ਤੇ ਉਹ ਮਰਜ਼ੀ ਦੇ ਰੇਟ ਉੱਤੇ ਕਿਸਾਨਾਂ ਨੂੰ ਬੀਜ ਉਪਲਬਧ ਕਰਵਾਉਣਗੇ। ਜਿਸ ਨਾਲ ਕਾਲਾ ਬਜ਼ਾਰੀ ਵੀ ਵਧੇਗੀ। ਵੇਖਣ ਵਾਲੀ ਗੱਲ ਹੈ ਕਿ ਕੀ ਕਿਸਾਨਾਂ ਦਾ ਆਪਣਾ ਘਰ ਵਾਲਾ ਬੀਜ ਗੁਣਵੰਤਾ ਤੇ ਨਿਯੰਤਰਣ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ ਕਿ ਨਹੀਂ। ਕੀ ਉਹ ਬੀਮਾਰੀ ਰਹਿਤ ਫਸਲ ਪੈਦਾ ਕਰਨ ਦੇ ਸਮਰੱਥ ਹੈ। ਉਪਜ ਵਿਚ ਵਾਧਾ ਕਰ ਸਕਦਾ ਹੈ। ਜੇਕਰ ਨਹੀਂ ਤਾਂ ਸਰਕਾਰਾਂ ਆਪਣੇ ਫਰਜ਼ ਤੋਂ ਭੱਜ ਨਹੀਂ ਸਕਦੀਆਂ। ਬੀਮਾਰੀ ਰਹਿਤ, ਸ਼ੁਧ ਬੀਜ ਕਿਸਾਨਾਂ ਨੂੰ ਅਸਾਨੀ ਨਾਲ ਉਪਲਬਧ ਕਰਵਾਉਣਾ ਸਰਕਾਰ ਦਾ ਮੁੱਢਲਾ ਫਰਜ਼ ਬਣਦਾ ਹੈ। ਇਕ ਵਿਸ਼ੇ ਉੱਤੇ ਅੜੀਅਲ ਵਤੀਰਾ ਨਾ ਅਪਣਾ ਕੇ ਦੋਨਾਂ ਧਿਰਾਂ, ਸਰਕਾਰ ਅਤੇ ਕਿਸਾਨਾਂ ਨੂੰ ਕੋਈ ਸਰਬ ਪ੍ਰਵਾਨਤ ਹੱਲ ਕੱਢ ਲੈਣਾ ਚਾਹੀਦਾ ਹੈ। ਜਿੱਥੇ ਫਸਲਾਂ ਦੀ ਉਪਜ ਵਧਾਉਣਾ ਸਰਕਾਰ ਦਾ ਫਰਜ਼ ਹੈ, ਉਥੇ ਕਿਸਾਨਾਂ ਦੇ ਪੱਖ ਅਤੇ ਸੁਝਾਅ ਨੂੰ ਵੀ ਗੌਰ ਕਰਨਾ ਬਣਦਾ ਹੈ।

(3) ਬੀਬੀਆਂ ਦਾ ਇੱਕ ਹਜ਼ਾਰ ਰੁਪਿਆ - ਵਾਅਦਾ ਚਾਰ ਸਾਲ ਪੂਰਾ ਨਹੀਂ ਹੋਇਆ

ਪੰਜਾਬ ਦੀ ਆਮ ਆਦਮੀ ਪਾਰਟੀ ਨੇ 2022 ਦੀ ਚੋਣ ਵੇਲੇ ਵੋਟਾਂ ਲੈਣ ਵੇਲੇ ਕੀਤੇ ਲੁਭਾਵੀ ਨਾਹਰਿਆਂ ਜਾਂ ਵਾਅਦਿਆਂ ਵਿਚ ਪੰਜਾਬ ਦੀ ਹਰ ਔਰਤ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਿਆ ਉਸ ਦੇ ਬੈਂਕ ਖਾਤੇ ਵਿਚ ਜਮ੍ਹਾ ਕਰਵਾਉਣ ਦਾ ਵਾਅਦਾ ਵੀ ਬੜੇ ਜ਼ੋਰ-ਸ਼ੋਰ ਨਾਲ ਕੀਤਾ ਸੀ। ਸਰਕਾਰ ਬਣ ਗਈ, ਚਾਰ ਸਾਲ ਦਾ ਸਮਾਂ ਬੀਤ ਵੀ ਗਿਆ ਪ੍ਰੰਤੂ ਇਹ ਵਾਅਦਾ ਵਫ਼ਾ ਨਹੀਂ ਹੋਇਆ। ਪਿਛਲੇ ਚਾਰ ਸਾਲ ਸੂਬਾ ਸਰਕਾਰ ਨੇ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਵੱਖ-ਵੱਖ ਬੈਂਕਾਂ ਅਤੇ ਏਜੰਸੀਆਂ ਤੋਂ ਲਿਆ ਅਤੇ ਪੰਜਾਬ ਵਿਚ ਮੁਫ਼ਤ ਬਿਜਲੀ, ਬੀਬੀਆਂ ਨੂੰ ਰੋਡਵੇਜ ਦੀਆਂ ਬੱਸਾਂ ਵਿਚ ਮੁਫ਼ਤ ਸਫ਼ਰ ਦੀਆਂ ਸਕੀਮਾਂ ਕੁਝ ਮਾੜੀਆਂ ਮੋਟੀਆਂ ਕਮੀਆਂ, ਸ਼ਿਕਾਇਤਾਂ ਹੋਣ ਦੇ ਨਾਲ-ਨਾਲ ਚਾਲੂ ਕਰ ਲਈਆਂ ਸਨ। ਪ੍ਰੰਤੂ ਇਹ ਇਕ ਹਜ਼ਾਰ ਵਾਲੀ ਸਕੀਮ ਚਾਰ ਸਾਲ ਤੱਕ ਸਰਕਾਰ ਪੂਰਾ ਕਰਨ ਤੋਂ ਅਸਮਰਥ ਰਹੀ। ਕਿਉਂਕਿ ਸਰਕਾਰੀ ਖਜ਼ਾਨਾ ਇਜਾਜ਼ਤ ਨਹੀਂ ਦਿੰਦਾ ਸੀ। ਅਸਲ ਵਿਚ ਅਜਿਹੇ ਵਾਅਦੇ ਸਿਆਸੀ ਜਮਾਤਾਂ ਨੂੰ ਕਰਨੇ ਹੀ ਨਹੀਂ ਚਾਹੀਦੇ, ਜਿਨ੍ਹਾਂ ਨਾਲ ਸੂਬੇ ਦਾ ਵਿਕਾਸ ਹੀ ਰੁਕ ਜਾਵੇ। ਆਮ ਆਦਮੀ ਪਾਰਟੀ ਹੁਣ 2027 ਵਿਚ ਵੋਟਾਂ ਮੰਗਣ ਵੇਲੇ ਸੂਬੇ ਦੀ ਤਰੱਕੀ ਦੇ ਦਮਗਜੇ ਨਹੀਂ ਮਾਰ ਸਕਦੀ ਹਾਂ ਆਹ-ਆਹ ਚੀਜ਼ਾਂ ਪੰਜਾਬੀਆਂ ਨੂੰ ਮੁਫ਼ਤ ਵਿਚ ਦਿੱਤੀਆਂ ਇਹ ਲਿਸਟ ਗਿਣਵਾ ਸਕਦੀ ਹੈ। ਫੈਸਲਾ ਸੂਝਵਾਨ ਵੋਟਰਾਂ ਦੇ ਹੱਥ ਹੋਵੇਗਾ।



ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।

ਸਾਡੇ ਬਚਪਨ ਦੇ ਮਿੱਤਰ ਸ. ਸੁਖਰਾਜ ਸਿੰਘ ਰਿਟਾ. ਡੀ.ਜੀ.ਪੀ. ਦੇ ਭਤੀਜੇ ਡਾ. ਸਰਵਰਾਜ ਸਿੰਘ ਆਈ.ਏ.ਐਸ. ਬਣੇ



ਟਾਂਡਾ ਤੋਂ ਦਸਮੇਸ਼ ਨਗਰ ਦੇ ਜੰਮਪਲ ਡਾ. ਸਰਵਰਾਜ ਸਿੰਘ ਨੇ MBBS, ਸਰਕਾਰੀ ਕਾਲਜ, ਪਟਿਆਲਾ ਤੋਂ ਕੀਤੀ ਹੈ। ਡਾ. ਸਰਵਰਾਜ ਸਿੰਘ ਦੇ ਪਿਤਾ ਸ਼ਿਵ ਸਿੰਘ ਜੋ ਪੰਜਾਬ ਪੁਲਿਸ ਵਿਚੋਂ ਬਤੌਰ ਏ Inspector ਰਿਟਾਇਰ ਹੋਏ ਹਨ ਅਤੇ ਮਾਤਾ ਬਖਤਾਵਰ ਕੌਰ ਜੀ M.A. BEd ਲੈਕਚਰਾਰ ਪੰਜਾਬ ਸਰਕਾਰ ਸਿਖਿਆ ਵਿਭਾਗ ਵਿਚੋਂ ਰਿਟਾਇਰ ਹੋਏ ਹਨ।

ਡਾ. ਸਰਵਰਾਜ ਸਿੰਘ ਦੇ ਤਾਇਆ ਜੀ ਸੁਖਰਾਜ ਸਿੰਘ 1984 Batch ਦੇ IPS ਅਧਿਕਾਰੀ ਸਨ ਤੇ ਬਤੌਰ DGP ਰਿਟਾਇਰ ਹੋਏ ਹਨ। ਫਿਰ State information Commissioner ਜੋ ਕਿ 5 ਸਾਲ ਲਈ Chief Secretary ਦੇ Status ਵਿੱਚ ਰਹੇ ਹਨ। ਉਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਮਸ਼ਹੂਰ ਲੇਖਕ ਹਨ ਉਨ੍ਹਾਂ ਦੀਆਂ 10 ਕਿਤਾਬਾਂ ਛਪ ਚੁੱਕੀਆਂ ਹਨ।

ਸਰਵਰਾਜ ਸਿੰਘ ਦੀ ਤਾਈ ਜੀ ਅੰਮ੍ਰਿਤ ਕੌਰ ਜੋ ਕਿ ਸ. ਗੁਰਬਚਨ ਸਿੰਘ ਸਹੋਤਾ 1964 ਬੈਂਚ ਦੀ ਆਈ.ਪੀ.ਐਸ. ਦੀ ਸਪੁੱਤਰੀ ਹਨ ਅਤੇ ਬਤੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਅਹੁਦੇ ਤੇ ਸਰਕਾਰੀ ਨੌਕਰੀ ਕਰ ਰਹੇ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਡਾ. ਸਰਵਰਾਜ ਸਿੰਘ ਦੇ ਆਈ.ਏ.ਐਸ. ਬਨਣ 'ਤੇ ਸਮੂਹ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਬਾਦ।

-ਇੰਜੀ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ ਬਮਸ਼ਲ ਫਾਊਂਡੇਸ਼ਨ ਚੰਡੀਗੜ੍ਹ



ਪ੍ਰੋਫੈਸਰ ਡਾ. ਜਸਵੰਤ ਸਿੰਘ ਬੇਗੋਵਾਲ ਦੇ ਸਪੁੱਤਰ ਡਾ. ਕਮਲਜੀਤ ਸਿੰਘ ਪੀ.ਐਚ.ਡੀ. ਦੀ ਸੁਪਤਨੀ ਡਾ. ਸਰਬਜੀਤ ਕੌਰ ਨੇ ਕਾਮਰਸ ਵਿਸ਼ੇ ਵਿਚ ਪੀ.ਐਚ ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਪਹਿਲਾਂ ਪਿਤਾ ਪੁੱਤਰ ਇਤਿਹਾਸ ਦੇ ਵਿਸ਼ੇ 'ਤੇ ਪੀ.ਐਚ.ਡੀ. ਹਨ, ਹੁਣ ਬਹੁਰਾਣੀ ਨੇ ਕਾਮਰਸ ਵਿਸ਼ੇ ਵਿੱਚ ਪੀ.ਐਚ.ਡੀ. ਪ੍ਰਾਪਤ ਕੀਤੀ ਹੈ। ਇਕੋ ਘਰ ਦੀ ਛੱਤ ਹੇਠ ਤਿੰਨ ਪੀ.ਐਚ.ਡੀ. ਬੜੀ ਵੱਡੀ ਪ੍ਰਾਪਤੀ ਹੈ, ਜਿਸ ਲਈ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਡੇਸ਼ਨ ਵੱਲੋਂ ਪੂਰੇ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਬਾਦ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਚਸ਼ਮਾ ਵੈਰੀਨਾਗ : ਅਗਲੇ ਦਿਨ 28 ਜੂਨ ਨੂੰ ਸ੍ਰੀਨਗਰ ਤੋਂ ਵਾਪਸ ਰਾਮ ਬਨ ਨੂੰ ਚਲ ਪਏ। ਰਾਹ ਵਿਚ ਜਵਾਹਰ ਟਨਲ ਪਹੁੰਚਣ ਤੋਂ ਪਹਿਲਾਂ ਖੱਬੇ ਹੱਥ ਦਸ ਪੰਦਰਾਂ ਕਿਲੋਮੀਟਰ ਹੇਠਾਂ ਉਤਰ ਕੇ ਚਸ਼ਮਾਂ ਵੈਰੀ ਨਾਗ ਵੇਖਣ ਲਈ ਗਏ। ਲੱਗਭਗ 50 ਫੁੱਟ ਡੂੰਘੇ ਕੁਦਰਤੀ ਚਸ਼ਮੇ ਦਾ ਸਾਫ਼ ਪਾਣੀ ਛੋਟੀ ਜਿਹੀ ਝੀਲ ਵਿਚ ਇਕੱਠਾ ਹੋ ਕੇ ਇਕ ਨਾਲੇ ਦੀ ਸ਼ਕਲ ਵਿਚ ਵਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਕਸ਼ਮੀਰ ਵਾਦੀ ਦੇ ਪ੍ਰਸਿੱਧ ਅਤੇ ਸ੍ਰੀਨਗਰ ਸ਼ਹਿਰ ਵਿਚੋਂ ਲੰਘਦੇ ਜੇਹਲਮ ਦਰਿਆ ਦੀ ਸ਼ਾਖਾ ਨੂੰ ਜਨਮ ਦੇਂਦਾ ਹੈ। ਜਿਹਲਮ ਦੀ ਇਕ ਸ਼ਾਖਾ ਵੁਲਰ ਲੇਕ ਤੋਂ ਨਿਕਲਦੀ ਹੈ। ਇਹ ਇਕ ਬਹੁਤ ਵੱਡੀ ਲੇਕ ਹੈ ਜਿਸ ਤੇ ਅਸੀਂ ਆਪਣੀ ਪਹਿਲੀ ਫੇਰੀ ਵੇਲੇ ਗਏ ਸੀ। ਇਸ ਪਿਕਨਿਕ ਸਪਾਟ ਤੇ ਖਾਣ ਪੀਣ ਦੀਆਂ ਦੁਕਾਨਾਂ ਵੀ ਹਨ। ਇਸ ਸਾਰੇ ਰਸਤੇ ਤੇ ਸੁਰੱਖਿਆ ਦਾ ਪ੍ਰਬੰਧ ਹੈ। ਇਕ ਥਾਂ ਸਾਡੀਆਂ ਗੱਡੀਆਂ ਰੁਕਣ ਤੇ ਦੋ ਸੁਰੱਖਿਆ ਜਵਾਨ ਫੌਰਨ ਉਥੇ ਆ ਗਏ ਅਤੇ ਰੁਕਣ ਦਾ ਕਾਰਨ ਪੁੱਛਿਆ। ਉਨ੍ਹਾਂ ਦੱਸਿਆ ਕਿ ਇਹ ਸਥਾਨ ਅੱਤਵਾਦੀਆਂ ਦਾ ਟਰੇਨਿੰਗ ਸੈਂਟਰ ਹੁੰਦਾ ਸੀ ਜਿਥੇ ਉਹ ਉੱਚੇ ਪਹਾੜਾਂ ਤੋਂ ਪੈਦਲ ਚਲ ਕੇ ਆ ਜਾਂਦੇ ਅਤੇ ਉਸ ਇਲਾਕੇ ਵਿਚ ਆਪਣੀਆਂ ਗਤੀਵਿਧੀਆਂ ਕਰਕੇ ਦਹਿਸ਼ਤ ਫੈਲਾਉਂਦੇ ਸਨ। ਇਸ ਲਈ ਇਹ ਇਲਾਕਾ ਜ਼ਿਆਦਾ ਖਤਰਨਾਕ ਸਮਝਿਆ ਜਾਂਦਾ ਹੈ ਅਤੇ ਸੁਰੱਖਿਆ ਦਾ ਪ੍ਰਬੰਧ ਵੀ ਜ਼ਿਆਦਾ ਕਰੜਾ ਹੈ। ਹਾਈਵੇ ਤੇ ਆ ਕੇ ਟਨਲ ਤੋਂ ਪਹਿਲਾਂ ਇਸ ਉਦੇਸ਼ ਲਈ ਬਣੇ ਸੜਕ ਬਿੰਦੂ ਤੇ ਇਕ ਆਖਰੀ ਨਜ਼ਰ ਹੇਠਾਂ ਵਾਦੀ ਤੇ ਮਾਰੀ, ਕੁਝ ਸਨੈਪ ਲਏ ਅਤੇ ਇਕ ਲੰਮਾ ਸਾਹ ਲੈ ਕੇ ਵਾਦੀ ਨੂੰ ਅਲਵਿਦਾ ਕਿਹਾ। ਇਸ ਤੋਂ ਅੱਗੇ ਕਾਜ਼ੀ ਗੁੰਡ ਤੋਂ ਲੋੜੀਂਦਾ ਡਰਾਈਫਰੂਟ ਲਿਆ ਅਤੇ ਸ਼ਾਮ ਤੱਕ ਰਾਮ ਬਣ ਪਹੁੰਚ ਗਏ।

ਰਾਮ ਬਣ : ਇਹ ਟਰਾਂਜ਼ਿਟ ਕੈਂਪ ਦਰਿਆ ਚਨਾਬ ਦੇ ਖੱਬੇ ਕੰਡੇ ਤੇ ਸਥਿਤ ਹੈ ਜਿੱਥੇ ਕਸ਼ਮੀਰ ਤੋਂ ਆਉਣ ਜਾਣ ਵਾਲੇ ਫੌਜੀ ਸਫ਼ਰ ਦੌਰਾਨ ਰੁਕ ਸਕਦੇ ਹਨ। ਬੜੀ ਸਾਫ਼ ਸੁਥਰੀ ਅਤੇ ਨਿਵੇਕਲੀ ਥਾਂ ਹੈ ਜਿੱਥੇ ਦਫ਼ਤਰ, ਅਫ਼ਸਰ ਮੈੱਸ ਅਤੇ ਦੋ ਤਿੰਨ ਮੰਜ਼ਿਲਾਂ ਤੇ ਬਣੇ ਗੈਸਟ ਰੂਮ ਹਨ ਜਿਨ੍ਹਾਂ ਵਿਚੋਂ ਸਾਡੇ ਠਹਿਰਨ ਲਈ ਤਿੰਨ ਕਮਰੇ ਸਨ। ਸਾਰੀ ਰਾਤ ਠਾਠਾਂ ਮਾਰਦੇ ਚਨਾਬ ਦਰਿਆ ਦਾ ਸੰਗੀਤ ਥੱਕੇ ਟੁੱਟੇ ਯਾਤਰੀਆਂ ਦੀ ਥਕਾਨ ਦੂਰ ਕਰ ਦਿੰਦਾ ਹੈ। ਕਸ਼ਮੀਰ ਵਿਚ ਇਸ ਦਰਿਆ ਤੇ ਨਾ ਕੋਈ ਡੈਮ ਉਸਰਿਆ ਹੈ ਅਤੇ ਨਾ ਕੋਈ ਬਿਜਲੀ ਘਰ ਬਣਿਆ ਹੈ। ਕਰਨਲ ਸਾਹਿਬ ਦੀ ਪੁਰਾਣੀ ਰਜਮੈਂਟ ਦੀ ਡਿਊਟੀ ਰਾਮ ਬਣ ਤੋਂ ਲੈ ਕੇ ਜਵਾਹਰ ਸੁਰੰਗ ਤੱਕ ਹਾਈਵੇ ਨੰ: 1 ਏ ਦੀ ਸੁਰੱਖਿਆ ਤੇ ਲੱਗੀ ਹੋਈ ਸੀ। ਇਸ ਯੂਨਿਟ ਦੇ ਅਫ਼ਸਰਾਂ ਵੱਲੋਂ ਮੈੱਸ ਵਿਚ ਸਾਨੂੰ ਰਾਤ ਦੇ ਖਾਣੇ ਤੇ ਬੁਲਾਇਆ ਗਿਆ। ਉਥੇ ਸਾਡੀ ਖੂਬ ਆਉ ਭਗਤ ਕੀਤੀ ਗਈ। ਰਾਤ ਨੂੰ ਦੇਰ ਤੱਕ ਦਰਿਆ ਦੇ ਕਿਨਾਰੇ ਬੈਠ ਕੇ ਵਗਦੇ ਪਾਣੀ ਦੇ ਸੰਗੀਤ ਦਾ ਅਨੰਦ ਮਾਣਦੇ ਰਹੇ।

ਪਟਨੀ ਟਾਪ : ਅਗਲੇ ਦਿਨ 29 ਜੂਨ ਨੂੰ ਘਰ ਵਾਪਸੀ ਲਈ ਚਲ ਪਏ। ਰਾਹ ਵਿਚ ਊਧਮਪੁਰ ਤੋਂ ਅੱਗੇ ਜਾ ਕੇ ਮੁੱਖ ਸ਼ਾਹ ਰਾਹ ਤੋਂ ਖੱਬੇ ਹੱਥ ਮੁੜ ਕੇ ਇਕ ਦੋ ਕਿਲੋਮੀਟਰ ਉਪਰ ਜਾ ਕੇ ਪਟਨੀ ਟਾਪ ਦਾ ਪਿਕਨਿਕ ਸਪਾਟ ਹੈ। ਕਾਫੀ ਖੁਲ੍ਹਾ ਹਰਿਆ ਭਰਿਆ ਘਾਹਦਾਰ ਪੱਧਰਾ ਮੈਦਾਨ ਹੈ ਜਿਸ ਦੇ ਆਲੇ-ਦੁਆਲੇ ਟੂਰਿਸਟ ਹਟਸ ਬਣੀਆਂ ਹੋਈਆਂ ਹਨ। ਚਾਹ ਕਾਫੀ ਅਤੇ ਫਾਸਟ ਫੂਡ ਦੀਆਂ ਇਕ ਦੋ ਦੁਕਾਨਾਂ ਵੀ ਹਨ। ਮੌਸਮ ਬੜਾ ਖੁਸ਼ਗਵਾਰ ਸੀ। ਯਾਤਰੀਆਂ ਦੇ ਕਈ ਟੋਲੇ ਪਿਕਨਿਕ ਮਨਾ ਰਹੇ ਸਨ। ਯਾਤਰੀ ਟੂਰਿਸਟ ਹਟਸ ਵਿਚ ਠਹਿਰ ਸਕਦੇ ਹਨ ਪਰ ਉਨ੍ਹਾਂ ਨੂੰ ਰਾਤ ਨੂੰ ਆਪਣੀ ਸੁਰੱਖਿਆ ਦਾ ਪ੍ਰਬੰਧ ਕਰਕੇ ਆਉਣਾ ਚਾਹੀਦਾ ਹੈ। ਸ਼ਾਮ ਤੱਕ ਸੁੱਖੀ ਸਾਂਦੀ ਗੁਰੂ ਦੀ ਨਗਰੀ ਵਾਪਸ ਘਰ ਪਹੁੰਚ ਗਏ।

(ਚਲਦਾ)

* * * * *

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਆਪ ਜੀ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਦੀ ਪ੍ਰੇਰਨਾ

ਜਦੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਪਿੱਛੋਂ ਭੀ ਕਈ ਸਾਲ ਉਨ੍ਹਾਂ ਦੀ ਯਾਦਗਾਰ ਨਾ ਬਣੀ ਤਾਂ ਆਪ ਜੀ ਨੇ ਆਪਣੇ ਮਨ ਵਿਚ ਬਹੁਤ ਦੁਖ ਅਨੁਭਵ ਕੀਤਾ। ਇਸ ਲਈ ਬੇਗੋਵਾਲ ਦੇ ਇਕ ਭਾਰੀ ਇਕੱਠ ਵਿਚ ਬੜੇ ਰੋਹ ਵਿਚ ਆ ਕੇ ਸੰਗਤ ਨੂੰ ਅਤੇ ਬਾਬਾ ਹਰਨਾਮ ਸਿੰਘ ਜੀ ਦੇ ਪਰਿਵਾਰ ਨੂੰ ਮੁਖਾਤਬ ਕਰਕੇ ਕਿਹਾ ਕਿ ਜਿਨ੍ਹਾਂ ਮਹਾਂਪੁਰਖਾਂ ਨੇ ਤੁਹਾਡੇ ਉੱਤੇ ਭਾਰੀ ਉਪਕਾਰ ਕੀਤੇ ਹਨ। ਅੰਮ੍ਰਿਤ ਛਕਾ ਕੇ ਸਿੱਖੀ ਦੀ ਦਾਤ ਦਿੱਤੀ, ਕਈ ਹਾਈ ਸਕੂਲ ਖੋਹਲ ਕੇ ਵਿੱਦਿਆ ਦਾ ਪ੍ਰਵਾਹ ਚਲਾਇਆ, ਸਮਾਜਕ ਬੁਰਿਆਈਆਂ ਦੂਰ ਕੀਤੀਆਂ ਤੇ ਗੁਰਮਤਿ ਦਾ ਸ਼ੁਭ ਰਸਤਾ ਦਰਸਾਇਆ। ਆਪਣਾ ਸਾਰਾ ਜੀਵਨ ਹੀ ਇਕ ਤਰ੍ਹਾਂ ਤੁਹਾਡੇ ਲੇਖੇ ਲਾ ਦਿੱਤਾ। ਜੇਕਰ ਮੈਂ ਇਹ ਗੱਲ ਆਖਾਂ ਤਾਂ ਕੋਈ ਗਲਤ ਨਹੀਂ ਹੋਵੇਗੀ ਕਿ ਲੁਬਾਣਾ ਬਰਾਦਰੀ ਦੇ ਤਾਂ ਜੀਵਨ ਦਾਤੇ ਹੀ ਸੰਤ ਬਾਬਾ ਪ੍ਰੇਮ ਸਿੰਘ ਜੀ ਸਨ। ਉਨ੍ਹਾਂ ਦੀ ਸਾਰੀ ਜਾਇਦਾਦ, ਰੁਪਇਆ, ਜ਼ਮੀਨ ਆਦਿ ਤਾਂ ਸੰਭਾਲ ਲਈ, ਪਰ ਉਨ੍ਹਾਂ ਦੀ ਯਾਦਗਾਰ ਹੁਣ ਤੱਕ ਕੋਈ ਨਾ ਬਣਾਈ। ਇਸ ਗੱਲ ਦਾ ਮੈਨੂੰ ਬਹੁਤ ਦੁਖ ਹੈ। ਇਸ ਭਾਰੀ ਇਕੱਠ ਵਿਚ ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਬੜੇ ਖੜਕਵੇਂ ਬਚਨਾਂ ਨਾਲ ਕਿਹਾ ਕਿ ਬਾਬਾ ਹਰਨਾਮ ਸਿੰਘ ਜੀ ਦੇ ਘਰੋਂ ਬੀਬੀ ਧਨ ਕੌਰ ਮਹਾਂਪੁਰਖਾਂ ਦੀ ਯਾਦਗਾਰ ਬਨਾਉਣ ਲਈ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਦੇਵੇ, ਦੋ ਏਕੜ ਜ਼ਮੀਨ ਬਾਬਾ ਵਰਿੰਦਰ ਸਿੰਘ ਦੇਵੇ ਅਤੇ ਦੋ ਏਕੜ ਜ਼ਮੀਨ ਬੀਬੀ ਜਗੀਰ ਕੌਰ ਆਪਣੇ ਹਿੱਸੇ ਵਿੱਚੋਂ ਦੇਵੇ। ਬੀਬੀ ਧੰਨ ਕੌਰ ਅਤੇ ਬਾਬਾ ਹਰਨਾਮ ਸਿੰਘ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਜ਼ਮੀਨ ਦੇਣ ਤੋਂ ਇਨਕਾਰ ਕਰ ਗਏ। ਇਨ੍ਹਾਂ ਦੇ ਭਾਗਾਂ ਵਿਚ ਸੇਵਾ ਕਰਨੀ ਨਹੀਂ ਸੀ ਲਿਖੀ ਹੋਈ। ਹਾਲਾਂਕਿ ਇਹ ਜ਼ਮੀਨ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੰਭਾਲੀ ਹੋਈ ਜ਼ਮੀਨ ਵਿਚੋਂ ਹੀ ਦੇਣੀ ਸੀ, ਪਰ (ਉਹ ਵਿਚਾਰੇ ਕਿਆ ਕਰਹਿ ਜਾਂ ਭਾਗ ਧੁਰ ਮੰਦੇ) ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਜਦੋਂ ਬੀਬੀ ਜਗੀਰ ਕੌਰ ਜੀ ਨੂੰ ਦੋ ਏਕੜ ਜ਼ਮੀਨ ਦੇਣ ਲਈ ਪੁੱਛਿਆ ਤਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਆਤਮਾ ਨੇ ਅਤੇ ਅਕਾਲ ਪੁਰਖ ਨੇ ਆਪਣੀ ਕਲਾ ਵਰਤਾਈ। ਬੀਬੀ ਜਗੀਰ ਕੌਰ ਜੀ ਨੇ ਬੜੇ ਦ੍ਰਿੜ ਇਰਾਦੇ ਨਾਲ ਭਰੇ ਦੀਵਾਨ ਵਿਚ ਸੰਤ ਬਾਬਾ ਦਰਸ਼ਨ ਸਿੰਘ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਹੱਥ ਜੋੜ ਕੇ ਕਿਹਾ ਕਿ ਮਹਾਰਾਜ! ਮੈਂ ਆਪਣੇ ਹਿੱਸੇ ਵਿਚੋਂ ਮਹਾਂਪੁਰਖਾਂ ਦੀ ਯਾਦਗਾਰ ਬਨਾਉਣ ਲਈ ਦੋ ਏਕੜ ਜ਼ਮੀਨ ਦੇਵਾਂਗੀ। ਫਿਰ ਕੀ ਸੀ ਸੰਗਤਾਂ ਨੇ ਖੁਸ਼ੀ ਨਾਲ ਬੜੇ ਜੈਕਾਰੇ ਛੱਡੇ। ਸੰਗਤਾਂ ਤਾਂ ਅੱਗੇ ਹੀ ਯਾਦਗਾਰ ਬਨਾਉਣ ਲਈ ਤੜਪ ਰਹੀਆਂ ਸਨ। ਬੀਬੀ ਜਗੀਰ ਕੌਰ ਜੀ ਨੇ ਆਪਣੇ ਕੀਤੇ ਬਚਨ ਅਨੁਸਾਰ ਦੋ ਏਕੜ ਜ਼ਮੀਨ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦਗਾਰ (ਸਮਾਧ ਜਾਂ ਗੁਰਦੁਆਰਾ) ਬਨਾਉਣ ਲਈ ਦੇ ਦਿੱਤੀ।

ਜਿਸ ਦੇ ਮਸਤਕ ਭਾਗ ਸੋ ਸੇਵਾ ਲਾਇਆ॥

ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਦੇ ਚੰਗੇ ਭਾਗ ਹੋਣ ਉਸ ਨੂੰ ਸੇਵਾ ਮਿਲਦੀ ਹੈ। ਕਿਤਨੇ ਸਾਲ ਬਾਵਾ ਹਰਨਾਮ ਸਿੰਘ ਜੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਗੱਲ ਦੇ ਵਾਰਿਸ ਬਣੇ ਰਹੇ। ਉਨ੍ਹਾਂ ਦੇ ਪਾਸ ਜ਼ਮੀਨ ਭੀ ਸੀ, ਰੁਪਏ ਭੀ ਸੀ, ਬਰਾਦਰੀ ਵਿਚ ਅਸਰ ਰਸੂਖ ਭੀ ਸੀ, ਪਰ ਉਹ ਮਹਾਂਪੁਰਖਾਂ ਦੀ ਯਾਦਗਾਰ, ਕੋਈ ਅਸਥਾਨ ਜਾਂ ਗੁਰਦੁਆਰਾ ਨਾ ਬਣਾ ਸਕੇ। ਫਿਰ ਬਾਵਾ ਹਰਨਾਮ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਪਿਛੋਂ ਉਨ੍ਹਾਂ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਉਨ੍ਹਾਂ ਦੇ ਜਾਨਸ਼ੀਨ ਬਣ ਗਏ। ਉਹ ਭੀ ਕੁਝ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਦਾ ਤਾਂ ਕਿਸੇ ਨੂੰ ਚਿਤ ਚੇਤਾ ਨਹੀਂ ਸੀ। ਬਾਵਾ ਹਰਨਾਮ ਸਿੰਘ ਜੀ ਦੇ ਪਿਛੋਂ ਉਨ੍ਹਾਂ ਦਾ ਸਾਹਿਬਜ਼ਾਦਾ ਉਨ੍ਹਾਂ ਦਾ ਜਾਨਸ਼ੀਨ ਬਣ ਗਿਆ। ਉਸ ਦੇ ਹੁੰਦਿਆਂ ਫਿਰ ਮਹਾਂਪੁਰਖਾਂ ਦੇ ਅਸਥਾਨ ਦੀ ਬੀਬੀ ਜਗੀਰ ਕੌਰ ਜੀ ਦਾ ਮੁੱਖ ਸੇਵਾਦਾਰ ਬਣ ਜਾਣਾ ਇਕ ਕਰਿਸ਼ਮਾ ਨਹੀਂ ਤਾਂ ਹੋਰ ਕੀ ਹੈ। ਬੀਬੀ ਜੀ ਨੂੰ ਭੀ ਮੇਰੇ ਖਿਆਲ ਵਿਚ ਇਸ ਅਦਭੁੱਤ ਕੌਤਕ ਦਾ ਕੋਈ ਪਤਾ ਨਹੀਂ ਸੀ। ਨਾ ਹੀ ਕਿਸੇ ਨੂੰ ਆਸ ਸੀ। ਨਾ ਹੀ ਇਹ ਕਿਸੇ ਗਿਣਤੀ ਵਿਚ ਹੀ ਸਨ ਕਿ ਇਹ ਮਹਾਂਪੁਰਖਾਂ ਦੇ ਅਸਥਾਨ ਦੇ ਮੁੱਖ ਸੇਵਾਦਾਰ ਬਣ ਜਾਣਗੇ।

ਚਲਦਾ

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

83.

ਹੱਦ ਸੇ ਬੜ੍ਹਾ ਹੂਆ ਹੈ ਜੋ ਜ਼ਾਲਿਮ ਬਸ਼ਰ ਹੂਆ।
ਮੌਲਾ ਕਾ ਖ਼ੌਫ ਜਿਸ ਕੋ ਨਾ ਹਾਦੀ ਕਾ ਡਰ ਹੂਆ।
ਮੁਸਲਮ ਕਹਾਂ ਕੇ ਹਾਇ ! ਜੋ ਕੋਤਾਹ-ਨਜ਼ਰ ਹੂਆ।
ਸਰਮਦ ਕੇ ਕਤਲ ਮੇਂ ਭੀ ਨਾ ਜਿਸ ਕੋ ਹਜ਼ਰ ਹੂਆ।
ਬੁਲਵਾ ਕੇ ਦਿੱਲੀ ਤੇਗ਼ ਬਹਾਦਰ ਕੀ ਜਾਨ ਲੀ।
ਮਰਨੇ ਕੀ ਹਮ ਨੇ ਭੀ ਹੈ ਜਬੀ ਆਨ ਠਾਨ ਲੀ।

ਉਹ ਜ਼ਾਲਮ ਵਿਅਕਤੀ ਹੱਦ ਤੋਂ ਗਿਰਿਆ ਸਮਝੋ, ਜਿਸ ਨੂੰ ਨਾ ਤਾਂ ਖ਼ੁਦਾ ਦਾ ਖੌਫ਼ ਹੈ ਅਤੇ ਨਾ ਹੀ ਹਜ਼ਰਤ ਮੁਹੰਮਦ ਸਾਹਿਬ ਦਾ ਡਰ। ਕੋਈ ਤੰਗ-ਨਜ਼ਰ ਵਾਲਾ ਮੁਸਲਮਾਨ ਹੀ ਕਿਧਰੋਂ ਹੈ, ਜਿਸ ਨੇ ਸਰਮਦ ਫ਼ਕੀਰ ਦਾ ਕਤਲ ਕਰਨ ਵਿਚ ਕੋਈ ਝਿਜਕ ਨਾ ਮੰਨੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਸੱਦ ਕੇ ਉਨ੍ਹਾਂ ਦੀ ਜਾਨ ਲੈ ਲਈ। ਇਸੇ ਲਈ ਅਸਾਂ ਵੀ ਧਰਮ ਖ਼ਾਤਰ ਕੁਰਬਾਨ ਹੋਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ ਹੈ।

84.

ਜ਼ਾਲਿਮ ਕਾ ਦੀਨ ਕਿਸ ਲੀਏ ਕਰਨੇ ਲਗੋਂ ਕਬੂਲ?
ਤਬਦੀਲੀਏ ਮਜ਼ਹਬ ਸੇ ਨਹੀਂ, ਕੁਛ ਭੀ ਹੈ ਹਸੂਲ।
ਤੌਹੀਦ ਕੇ ਸਿਵਾ ਹੈਂ ਯੇਹ ਬਾਤੇਂ ਹੀ ਸਭ ਫ਼ਜ਼ੂਲ।
ਮਨਵਾਨੇ ਵਾਹਿਗੁਰੂ ਕੋ ਹੀ ਆਏ ਥੇ ਸਭ ਰਸੂਲ।
ਕੁਛ ਬੁਤਪ੍ਰਸਤ ਭੀ ਨਹੀਂ, ਨਾ ਬੁਤਸ਼ਿਕਨ ਹੈਂ ਹਮ।
ਅੰਮ੍ਰਿਤ ਛਕਾ ਹੈ ਜਬ ਸੇ ਨਿਹਾਇਤ ਮਗਨ ਹੈਂ ਹਮ।

ਅਸੀਂ ਜ਼ਾਲਮ ਦਾ ਧਰਮ ਕਿਸ ਕਾਰਨ ਪ੍ਰਵਾਨ ਕਰੀਏ? ਮਜ਼ਹਬ ਬਦਲਣ ਨਾਲ ਕੁਝ ਵੀ ਹਾਸਲ ਨਹੀਂ ਹੁੰਦਾ। ਅਦ੍ਵੈਤਵਾਦ (ਇਕ ਪਰਮੇਸ਼ਰ) ਤੋਂ ਬਿਨਾਂ ਬਾਕੀ ਸਭ ਗੱਲਾਂ ਫ਼ਜ਼ੂਲ ਹਨ। ਸਾਰੇ ਪੈਗ਼ੰਬਰ ਇਕ ਪਰਮੇਸ਼ਰ ਨਾਲ ਜੋੜਨ ਲਈ ਹੀ ਦੁਨੀਆਂ ਤੇ ਆਏ ਸਨ। ਅਸੀਂ ਨਾ ਹੀ ਬੁੱਤਪੂਜ ਅਤੇ ਨਾ ਹੀ ਬੁੱਤ ਤੋੜਨ ਵਾਲੇ ਹਾਂ। ਲੇਕਿਨ ਜਦੋਂ ਤੋਂ ਅੰਮ੍ਰਿਤ ਛਕਿਆ ਹੈ, ਪਰਮੇਸ਼ਰ ਦੇ ਨਾਮ ਰੰਗ ਵਿਚ ਮਸਤ ਹਾਂ।

85.

ਕਰ ਲੇ ਮੁਕਾਬਲਾ ਤੂੰ ਜ਼ਰਾ ਅਪਨੇ ਸ਼ਾਹ ਸੇ।
ਪਾਪੀ ਹੈ ਵੁਹ ਤੋ, ਹਮ ਹੈਂ ਬਰੀ ਹਰ ਗੁਨਾਹ ਸੇ।
ਉਸ ਨੇ ਫ਼ਰੇਬ ਖੇਲ੍ਹਾ ਥਾ ਪੁਸ਼ਤਿ-ਪਨਾਹ ਸੇ।
ਮਰਨੇ ਪਿਤਾ ਕੇ ਵਾਸਤੇ ਹਮ ਆਏ ਚਾਹ ਸੇ।
ਕਾਮ ਉਸ ਨੇ ਭਾਈਓਂ ਸੇ, ਕੀਆ ਥਾ ਯਜ਼ੀਦ ਕਾ।
ਦਾਰਾ ਕਾ ਹੈ, ਮੁਰਾਦ ਕਾ, ਰੁਤਬਾ ਸ਼ਹੀਦ ਕਾ।

ਤੂੰ ਸਾਡਾ ਆਪਣੇ ਬਾਦਸ਼ਾਹ ਨਾਲ ਮੁਕਾਬਲਾ ਤਾਂ ਕਰਕੇ ਵੇਖ। ਅਸੀਂ ਹਰ ਤਰ੍ਹਾਂ ਦੇ ਪਾਪ ਤੋਂ ਮੁਕਤ ਹਾਂ, ਜਦੋਂ ਕਿ ਉਹ ਗੁਨਾਹਗਾਰ ਹੈ। ਉਸ ਨੇ ਆਪਣੇ ਹਮਾਇਤੀਆਂ ਨਾਲ ਵੀ ਧੋਖਾ ਕੀਤਾ ਸੀ, ਜਦੋਂ ਕਿ ਅਸੀਂ ਪਿਤਾ ਜੀ ਵੱਲੋਂ ਵਿਖਾਏ ਮਾਰਗ ਉੱਤੇ ਚੱਲਦੇ ਹੋਏ ਆਪਣੀ ਖ਼ੁਸ਼ੀ ਨਾਲ ਮਰਨ ਲਈ

ਆਏ ਹਾਂ। ਉਸ ਆਪਣੇ ਜਿਨ੍ਹਾਂ ਭਰਾਵਾਂ ਨਾਲ ਜ਼ਾਲਮ ਯਜੀਦ ਵਰਗਾ ਵਿਵਹਾਰ ਕੀਤਾ, ਉਸ ਦਾਰਾ ਤੇ ਮੁਰਾਦ ਨੂੰ ਅੱਜ ਸ਼ਹੀਦਾਂ ਦਾ ਦਰਜਾ ਪ੍ਰਾਪਤ ਹੈ।

86.

ਹਮ ਸਾਫ਼ ਚਾਹਤੇ ਹੈਂ, ਅਜ਼ਲ ਕੇ ਦਹਨ ਮੇਂ ਜਾਏਂ।
ਮਰ ਜਾਏਂ ਭੀ ਤੋ ਕਬਰ ਮੇਂ, ਏਕ ਹੀ ਕਫ਼ਨ ਮੇਂ ਜਾਏਂ।
ਹਾਥੋਂ ਮੇਂ ਹਾਥ ਡਾਲ ਕੇ, ਬਾਗ਼ਿ-ਅਦਨ ਮੇਂ ਜਾਏਂ।
ਮਾਸੂਮੋ ਕੇ ਲੀਏ ਜੋ ਬਨਾ, ਉਸ ਚਮਨ ਮੇਂ ਜਾਏਂ।
ਮਜ਼ਹਬ ਕੋ ਬਾਦਸ਼ਾਹ ਨੇ ਬੱਟਾ ਲਗਾ ਦੀਆ।
ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦੀਆ।

ਅਸੀਂ ਜ਼ਾਹਰਾ ਤੌਰ ਉੱਤੇ ਚਾਹੁੰਦੇ ਹਾਂ ਕਿ ਮੌਤ ਲਾੜੀ ਨੂੰ ਪਰਣਾਈਏ। ਮਰਨ ਬਾਅਦ ਵੀ ਸਾਡਾ ਅੰਤਮ ਕਿਰਿਆ ਕਰਮ ਇਕੱਠਿਆਂ ਦਾ ਹੀ ਹੋਵੇ ਅਤੇ ਹੱਥ ਵਿਚ ਹੱਥ ਪਾ ਕੇ ਸਵਰਗ ਰੂਪੀ ਬਾਗ਼ ਵਿਚ ਜਾਈਏ। ਮਾਸੂਮਾਂ ਲਈ ਜੋ ਚਮਨ ਬਣਿਆ ਹੈ, ਉਸ ਵਿਚ ਵਿਚਰੀਏ। ਤੁਹਾਡੇ ਬਾਦਸ਼ਾਹ ਨੇ ਮਜ਼ਹਬ ਨੂੰ ਧੱਬਾ ਲਗਾ ਦਿੱਤਾ ਹੈ, ਜਦੋਂ ਕਿ ਅਸਾਂ ਆਪਣੇ ਕਾਰਨਾਮਿਆਂ ਸਦਕਾ ਪੰਥ ਦਾ ਨਾਮ ਰੌਸ਼ਨ ਕੀਤਾ ਹੈ।

87.

ਮਾਲੂਮ ਅਬ ਹੂਈ ਤੁਝੇ, ਵਜਹਾਇ-ਫ਼ਸਾਦ ਹੈ।
ਸਤਿਗੁਰੂ ਕੋ ਸ਼ਾਹਿ ਦਿੱਲੀ ਸੇ ਕਿਉਂ ਯੇਹ ਅਨਾਦ ਹੈ।
ਮੋਮਨ ਹੀ ਕਯਾ, ਨਹੀਂ ਜਿਸੇ ਕਰਤਾਰ ਯਾਦ ਹੈ।
ਨਾਜ਼ਮ ਨੇ ਸਰ ਝੁਕਾ ਕੇ ਕਹਾ ਮੇਰਾ ਸਾਦ ਹੈ।
ਨਾਨਕ ਸੁਨਾ ਹੈ ਮੈਂ ਨੇ ਬਾਬਰ ਕੇ ਯਾਰ ਥੇ।
ਬਾਬਾ ਫ਼ਰੀਦ ਸੇ ਭੀ ਬਹੁਤ ਉਨ ਕੋ ਪਿਆਰ ਥੇ।

ਐ ਨਵਾਬ! ਹੁਣ ਤੈਨੂੰ ਝਗੜੇ ਦੇ ਮੂਲ ਦਾ ਪਤਾ ਲੱਗ ਹੀ ਗਿਆ ਹੈ ਕਿ ਸਤਿਗੁਰਾਂ ਨੂੰ ਦਿੱਲੀ ਦੇ ਬਾਦਸ਼ਾਹ ਨਾਲ ਵੈਰ ਕਿਉਂ ਸੀ? ਜਿਸ ਨੂੰ ਪਰਮੇਸ਼ਰ ਯਾਦ ਨਹੀਂ, ਉਸ ਨੂੰ ਤਾਂ ਮੁਸਲਮਾਨ ਹੀ ਨਹੀਂ ਕਿਹਾ ਜਾ ਸਕਦਾ। ਇਹ ਕੁਝ ਸੁਣ ਕੇ ਨਵਾਬ ਨੇ ਸਿਰ ਝੁਕਾ ਕੇ ਕਿਹਾ ਕਿ ਆਪ ਦਾ ਆਣਾ ਮੁਬਾਰਕ ਹੈ। ਮੈਂ ਸੁਣਿਆ ਹੈ ਕਿ ਗੁਰੂ ਨਾਨਕ ਸਾਹਿਬ ਬਾਦਸ਼ਾਹ ਬਾਬਰ ਦੇ ਦੋਸਤ ਸਨ ਅਤੇ ਉਨ੍ਹਾਂ ਦਾ ਬਾਬਾ ਫਰੀਦ ਨਾਲ ਵੀ ਬੜਾ ਪਿਆਰ ਸੀ।

88.

ਮਾਲੂਮ ਸ਼ਾਹ ਸੇ ਹੂਈ ਵਜਹੇ-ਮੁਖ਼ਾਲਫ਼ਿਤ।
ਰਾਜਾਓਂ ਸੇ ਨਹੀਂ ਹੈ ਭਲਾ ਕਿਉਂ ਯਗਾਨਗਤ?
ਨਾਨਕ ਕੇ ਬਾਪ ਦਾਦੇ ਭੀ ਹਿੰਦੂ ਥੇ ਰਖਤੇ ਮਤ।
ਸਤਿਗੁਰੂ ਬਨਾਤੇ ਰਹਤੇ ਹੈਂ ਕਿਉਂ ਕੋਹੀਉ ਕੀ ਗਤ?
ਬੱਚੋਂ ਨੇ ਫਿਰ ਜਵਾਬ ਦੀਆ ਬਾਯਜ਼ੀਦ ਕੋ।
ਹੋਂ ਪਾਕ ਜੁ ਪਸੰਦ ਕਰੇਂ ਕਿਉਂ ਪਲੀਦ ਕੋ।

ਨਵਾਬ ਨੂੰ ਗੁਰੂ ਘਰ ਦਾ ਸ਼ਾਹ ਨਾਲ ਵੈਰ ਦਾ ਕਾਰਨ ਪਤਾ ਲੱਗਾ ਅਤੇ ਰਾਜਿਆਂ ਨਾਲ ਮਿੱਤਰਚਾਰੀ ਕਿਉਂ ਨਹੀਂ ਰੱਖਦੇ, ਦੀ ਅਸਲੀਅਤ ਵੀ ਮਾਲੂਮ ਹੋਈ। ਗੁਰੂ ਨਾਨਕ ਸਾਹਿਬ ਦੇ ਬਾਪ-ਦਾਦੇ ਹਿੰਦੂ ਮੱਤ ਦੇ ਹੀ ਧਾਰਨੀ ਸਨ, ਫਿਰ ਵੀ ਦਸਮ ਸਤਿਗੁਰੂ ਪਹਾੜੀ ਰਾਜਿਆਂ ਦੀ ਲਾਹ-ਪਾਹ ਕਿਉਂ ਕਰਦੇ ਰਹਿੰਦੇ ਹਨ? ਗੁਰੂ ਕੇ ਲਾਲਾਂ ਨੇ ਨਵਾਬ ਬਾਜ਼ੀਦ ਖ਼ਾਨ ਨੂੰ ਉੱਤਰ ਦਿੰਦੇ ਹੋਏ ਕਿਹਾ ਕਿ ਪਵਿੱਤਰ ਇਨਸਾਨ ਅਪਵਿੱਤਰਾਂ ਨੂੰ ਕਦੇ ਵੀ ਪਸੰਦਨ ਹੀਂ ਕਰਿਆ ਕਰਦੇ।

(ਚਲਦਾ)

● ● ●

ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

ਡਿਪਰੈਸ਼ਨ ਦੇ ਇਲਾਜ ਵਿਚ ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

ਨਵਪ੍ਰੀਤ ਕੌਰ



ਆਮ ਤੌਰ 'ਤੇ ਡਿਪਰੇਸ਼ਨ ਦੇ ਮਰੀਜ਼ਾਂ ਨੂੰ ਦਵਾਈਆਂ ਨਾਲ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜੇਕਰ ਦਵਾਈ ਦੇ ਨਾਲ ਸਿਹਤਮੰਦ ਖ਼ੁਰਾਕ ਅਤੇ ਕਸਰਤ ਦੀ ਮੱਦਦ ਲਈ ਜਾਵੇ ਤਾਂ ਮਰੀਜ਼ ਡਿਪਰੈਸ਼ਨ ਦੀ ਅਵਸਥਾ ਵਿਚੋਂ ਜਲਦੀ ਬਾਹਰ ਆ ਸਕਦਾ ਹੈ। ਇਸ ਹਾਲਤ ਵਿਚ ਕਸਰਤ ਦੀ ਅਹਿਮੀਅਤ ਹੋਰ ਵੀ ਜ਼ਿਆਦਾ ਹੁੰਦੀ ਹੈ ਕਿਉਂਕਿ ਡਿਪਰੈਸ਼ਨ ਦੌਰਾਨ ਸਰਗਰਮ ਨਾ ਰਹਿਣ ਨਾਲ ਕਈ ਗੰਭੀਰ ਰੋਗਾਂ ਦਾ ਖ਼ਤਰਾ ਵੱਧ ਸਕਦਾ ਹੈ ਅਤੇ ਫਿਰ ਇਹ ਰੋਗ ਅਸਿੱਧੇ ਤੌਰ 'ਤੇ ਡਿਪਰੈਸ਼ਨ ਦੇ ਵਧਣ ਦਾ ਕਾਰਨ ਵੀ ਬਣ ਸਕਦੇ ਹਨ।

ਡਿਪਰੈਸ਼ਨ ਅਤੇ ਸਿਹਤਮੰਦ ਖ਼ੁਰਾਕ ਦੇ ਲਾਭ

* ਸੰਤੁਲਿਤ ਖ਼ੁਰਾਕ ਖ਼ੂਨ ਵਿਚ ਗੁਲੂਕੋਸ ਦੇ ਪੱਧਰ ਨੂੰ ਸਾਰਾ ਦਿਨ ਸਥਿਰ ਰੱਖਦੀ ਹੈ ਅਤੇ ਇਸ ਨਾਲ ਮਰੀਜ਼ ਦੀ ਮਨੋਦਸ਼ਾ ਸਹਿਜ ਬਣੀ ਰਹਿੰਦੀ ਹੈ।
* ਇਕ ਚੰਗੀ ਖ਼ੁਰਾਕ ਸਰੀਰ ਨੂੰ ਸਿਹਤਮੰਦ ਰੱਖਦੀ ਹੈ ਅਤੇ ਸਿਹਤਮੰਦ ਸਰੀਰ ਵਿਚ ਸਿਹਤਮੰਦ ਮਨ ਦਾ ਨਿਵਾਸ ਹੁੰਦਾ ਹੈ।
* ਭੋਜਨ ਵਿਚ ਕੁਝ ਵਿਟਾਮਿਨ ਅਤੇ ਪੌਸ਼ਟਿਕ ਤੱਤ ਦਿਮਾਗ਼ ਦੇ ਕਾਰਜ ਕਰਨ ਦੀ ਸਮਰੱਥਾ ਨੂੰ ਬਿਹਤਰ ਬਣਾ ਕੇ ਮਾਨਸਿਕ ਸਿਹਤ ਵਿਚ ਸੁਧਾਰ ਵੀ ਪੈਦਾ ਕਰ ਸਕਦੇ ਹਨ :
* **ਚੰਗੀ ਕਿਸਮ ਦੇ ਕਾਰਬੋਹਾਈਡਰੇਟ ਯੁਕਤ ਭੋਜਨ** - ਸਬਜ਼ੀਆਂ, ਫਲ, ਜ਼ਿਆਦਾ ਰੇਸ਼ੇ ਵਾਲਾ ਖਾਣਾ।
* **ਉਮੇਗਾ**-3- ਮੱਛੀ, ਗਿਰੀਆਂ, ਕਨੋਲਾ ਤੇਲ, ਅਲਸੀ, ਹਰੀਆਂ ਪੱਤੇਦਾਰ ਸਬਜ਼ੀਆਂ।
* **ਵਿਟਾਮਿਨ ਡੀ** - ਮੁੱਖ ਤੌਰ 'ਤੇ ਸੂਰਜ ਦੀਆਂ ਕਿਰਨਾਂ ਤੋਂ ਪ੍ਰਾਪਤ ਹੁੰਦਾ ਹੈ ਪਰ ਭੋਜਨ ਪਦਾਰਥਾਂ ਤੋਂ ਵੀ ਥੋੜ੍ਹੀ ਮਾਤਰਾ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਵੇਂ ਮੱਛੀ, ਟੋਫੂ, ਦੁੱਧ ਆਦਿ।
* **ਸਿਲੇਨੀਯਮ** - ਗਿਰੀਆਂ, ਸਾਬਤ ਅਨਾਜ, ਫਲੀਆਂ, ਸਮੁੰਦਰੀ ਭੋਜਨ, ਘੱਟ ਚਰਬੀ ਵਾਲਾ ਮੀਟ।

ਡਿਪਰੈਸ਼ਨ ਦੌਰਾਨ ਪਰਹੇਜ਼

* ਜ਼ਿਆਦਾ ਮਿੱਠਾ ਜਾਂ ਉਹ ਭੋਜਨ ਜਿਸ ਨਾਲ ਖ਼ੂਨ ਵਿਚ ਗੁਲੂਕੋਸ ਦਾ ਪੱਧਰ ਇਕ ਦਮ ਵਧਣ ਅਤੇ ਫਿਰ ਛੇਤੀ ਹੀ ਘੱਟਣ ਦਾ ਖ਼ਰਾ ਹੋਵੇ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਨਾਲ ਮਨੋਦਸ਼ਾ ਅਤੇ ਸਰੀਰ ਵਿਚ ਤਾਕਤ ਦੇ ਪੱਧਰ 'ਤੇ ਮਾੜਾ ਪ੍ਰਭਾਵ ਪੈਂਦਾ ਹੈ।
* ਕੌਫਾ ਅਤੇ ਸ਼ਰਾਬ ਦੀ ਅਧਿਕ ਵਰਤੋਂ ਵੀ ਡਿਪਰੈਸ਼ਨ ਵਿਚ ਵਾਧਾ ਕਰ ਸਕਦੀ ਹੈ। ਇਨ੍ਹਾਂ ਦੇ ਸੇਵਨ ਨਾਲ ਨੀਂਦ ਆਉਣ ਦੀ ਪ੍ਰਕਿਰਿਆ ਵਿਚ ਵਿਘਨ ਪੈਂਦਾ ਹੈ ਅਤੇ ਬੇਚੈਨੀ ਦੀ ਅਵਸਥਾ ਪੈਦਾ ਹੁੰਦੀ ਹੈ। ਸ਼ਰਾਬ ਡਿਪਰੈਸ਼ਨ ਦੀ ਦਵਾਈ ਦੇ ਅਸਰ ਨੂੰ ਘੱਟ ਕਰ ਸਕਦੀ ਹੈ ਜਾਂ ਫਿਰ ਦਵਾਈ ਦਾ ਕੋਈ ਗਲਤ ਪ੍ਰਭਾਵ ਵੀ ਪੈਦਾ ਕਰ ਸਕਦੀ ਹੈ।

ਡਿਪਰੈਸ਼ਨ ਅਤੇ ਕਸਰਤ

ਹਰ ਰੋਜ਼ ਕਸਰਤ ਜਾਂ ਕੋਈ ਹੋਰ ਸਰੀਰਕ ਗਤੀਵਿਧੀ ਡਿਪਰੈਸ਼ਨ ਤੋਂ ਬਚਾਅ ਅਤੇ ਇਸ ਦੇ ਇਲਾਜ ਵਿਚ ਬਹੁਤ ਸਹਾਇਕ ਸਾਬਤ ਹੁੰਦੀ ਹੈ। ਕਸਰਤ ਕਰਨ ਨਾਲ –

* ਸਿਹਤ ਵਿਚ ਸੁਧਾਰ ਅਤੇ ਦਿਮਾਗ਼ ਵਿਚ ਕੁਝ ਕੁਦਰਤੀ ਰਸਾਇਣਾਂ ਦੇ ਪੈਦਾ ਹੋਣ ਨਾਲ ਮਨੋਦਸ਼ਾ ਬਿਹਤਰ ਹੁੰਦੀ ਹੈ।
* ਨੀਂਦ ਆਉਣ ਦੀ ਪ੍ਰਕਿਰਿਆ ਵਿਚ ਸੁਧਾਰ ਹੁੰਦਾ ਹੈ।
* ਸਰੀਰਕ ਤਾਕਤ ਵੱਧਦੀ ਹੈ।
* ਮਾੜੇ ਵਿਚਾਰਾਂ ਅਤੇ ਦਿਮਾਗ਼ੀ ਚਿੰਤਾ ਤੋਂ ਧਿਆਨ ਪਰ੍ਹੇ ਹੱਟਦਾ ਹੈ।
* ਜੇਕਰ ਕਸਰਤ ਹੋਰ ਲੋਕਾਂ ਨਾਲ ਜੁੱਟ ਬਣਾ ਕੇ ਕੀਤੀ ਜਾਵੇ ਤਾਂ

ਇਕੱਲਾਪਣ ਵੀ ਦੂਰ ਹੁੰਦਾ ਹੈ।

ਹਰ ਰੋਜ਼ ਘੱਟ ਤੋਂ ਘੱਟ 30 ਮਿੰਟ ਦਰਮਿਆਨੀ ਤੀਬਰਤਾ ਦੀ ਕਸਰਤ ਡਿਪਰੈਸ਼ਨ ਅਤੇ ਸਰੀਰਕ ਕੁਸ਼ਲਤਾ ਲਈ ਫਾਇਦੇਮੰਦ ਹੈ। ਡਿਪਰੈਸ਼ਨ ਦੌਰਾਨ ਕਈ ਵਾਰ ਕਸਰਤ ਕਰਨ ਦੀ ਇੱਛਾ ਅਤੇ ਲੰਮੇ ਸਮੇਂ ਤੱਕ ਜਾਰੀ ਰੱਖਣ ਦੀ ਪ੍ਰੇਰਨਾ ਲੱਭਣ ਵਿਚ ਮੁਸ਼ਕਿਲ ਹੁੰਦੀ ਹੈ। ਇਸ ਹਾਲਤ ਵਿਚ ਕੁਝ ਸੁਝਾਅ –

* ਕਸਰਤ ਹਮੇਸ਼ਾ ਬਹੁਤ ਸੌਖੇ ਪੱਧਰ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਤੀਬਰਤਾ ਵਧਾਉ। ਇਸ ਨਾਲ ਆਤਮ-ਵਿਸ਼ਵਾਸ ਵਿਚ ਸੁਧਾਰ ਹੁੰਦਾ ਹੈ ਅਤੇ ਵੱਧ ਤੀਬਰਤਾ ਦੀ ਕਸਰਤ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਸ਼ੁਰੂਆਤ ਵਿਚ ਕੁਝ ਅਸਾਨ ਗਤੀਵਿਧੀਆਂ ਜਿਵੇਂ ਕਿ ਘਰ ਦੇ ਕੰਮ ਕਰਨੇ, ਬਾਗਬਾਨੀ ਕਰਨੀ ਆਦਿ ਵੀ ਚੰਗੇ ਉੱਦਮ ਹਨ।
* ਕਸਰਤ ਸ਼ੁਰੂ ਕਰਦੇ ਵਕਤ ਕੁਝ ਘੱਟ ਸਮੇਂ ਵਿਚ ਪ੍ਰਾਪਤ ਹੋਣ ਵਾਲੇ ਯਥਾਰਥਵਾਦੀ ਟੀਚੇ ਜ਼ਰੂਰ ਮਿੱਥੋ। ਜਿਵੇਂ : ਜੇਕਰ ਪਹਿਲੇ ਹਫ਼ਤੇ 10 ਮਿੰਟ ਸੈਰ ਕਰਨੀ ਹੈ ਤਾਂ ਅਗਲੇ ਹਫ਼ਤੇ ਇਹ ਸਮਾਂ ਵਧਾ ਕੇ 15 ਮਿੰਟ ਕਰਨ ਦਾ ਨਿਸ਼ਾਨਾ ਮਿਥੋ। ਇਸ ਨਾਲ ਸਫ਼ਲਤਾ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਕਸਰਤ ਜਾਰੀ ਰੱਖਣ ਦੀ ਪ੍ਰੇਰਨਾ ਵੀ ਮਿਲਦੀ ਹੈ।
* ਦਿਨ ਵਿਚ ਇਕ ਨਿਰਧਾਰਿਤ ਸਮੇਂ 'ਤੇ ਹੀ ਕਸਰਤ ਕਰਨ ਦੀ ਯੋਜਨਾ ਬਣਾਉ ਅਤੇ ਆਪਣੀ ਯੋਜਨਾ ਨੂੰ ਲਿਖਤੀ ਰੂਪ ਵਿਚ ਰੱਖ ਕੇ ਹਰ ਰੋਜ਼ ਦੀ ਪ੍ਰਗਤੀ ਵੀ ਦਰਜ ਕਰੋ। ਅਜਿਹਾ ਕਰਨ ਨਾਲ ਵੀ ਲਗਾਤਾਰ ਕਸਰਤ ਕਰਨ ਦੀ ਆਦਤ ਅਪਨਾਉਣ ਵਿਚ ਮਦਦ ਮਿਲ ਸਕਦੀ ਹੈ।
* ਡਿਪਰੈਸ਼ਨ ਦੌਰਾਨ ਲੋਕ ਅਕਸਰ ਉਨ੍ਹਾਂ ਕੰਮਾਂ ਜਾਂ ਗਤੀਵਿਧੀਆਂ ਵਿਚ ਵੀ ਦਿਲਚਸਪੀ ਲੈਣੀ ਛੱਡ ਦਿੰਦੇ ਹਨ ਜੋ ਕਿਸੇ ਸਮੇਂ ਉਨ੍ਹਾਂ ਨੂੰ ਬਹੁਤ ਪਸੰਦ ਹੁੰਦੇ/ਹੁੰਦੀਆਂ ਸਨ। ਹੋ ਸਕੇ ਤਾਂ ਪਰਿਵਾਰ ਜਾਂ ਦੋਸਤਾਂ ਦੇ ਨਾਲ ਮਿਲ ਕੇ ਇਹ ਗਤੀਵਿਧੀਆਂ ਦੁਬਾਰਾ ਸ਼ੁਰੂ ਕਰਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਕਰਨ ਨਾਲ ਹੌਲੀ-ਹੌਲੀ ਸਮੇਂ ਦੇ ਨਾਲ ਉਹ ਦਿਲਚਸਪੀ ਫਿਰ ਤੋਂ ਪੈਦਾ ਹੋਣ ਲੱਗੇਗੀ। ਉਦਾਹਰਣ ਦੇ ਤੌਰ 'ਤੇ ਜੇ ਕੋਈ ਵਿਅਕਤੀ ਡਿਪਰੈਸ਼ਨ ਤੋਂ ਪਹਿਲਾਂ ਪੜ੍ਹਨ ਲਿਖਣ ਵਿਚ ਬਹੁਤ ਦਿਲਚਸਪੀ ਰੱਖਦਾ ਸੀ ਪਰ ਇਸ ਕਸਰ ਦੌਰਾਨ ਉਸ ਦੀ ਇਹ ਰੁਚੀ ਮਰ ਗਈ। ਸੋ ਜੇਕਰ ਉਸ ਦੀ ਇਹ ਰੁਚੀ ਮੁੜ ਜਗਾਈ ਜਾ ਸਕੇ ਤਾਂ ਡਿਪਰੈਸ਼ਨ ਵਿਚੋਂ ਬਾਹਰ ਆਉਣ ਵਿਚ ਇਹ ਬਹੁਤ ਹੀ ਲਾਭਦਾਇਕ ਸਾਬਿਤ ਹੋ ਸਕਦੀ ਹੈ। ਮਰੀਜ਼ ਦਾ ਧਿਆਨ ਬਿਮਾਰੀ ਦੀ ਸੋਚ ਵਲੋਂ ਹਟਾ ਕੇ ਕਿਸੇ ਹੋਰ ਪਾਸੇ ਲਾਉਣਾ ਬਹੁਤ ਜ਼ਰੂਰੀ ਹੈ।
* ਡਿਪਰੈਸ਼ਨ ਦੇ ਮਰੀਜ਼ ਆਮ ਤੌਰ 'ਤੇ ਮਿਲਣਾ ਜੁਲਣਾ ਬੰਦ ਕਰ ਦਿੰਦੇ ਹਨ ਪਰ ਸਮਾਜਕ ਤੌਰ 'ਤੇ ਸਰਗਰਮ ਰਹਿਣਾ ਡਿਪਰੈਸ਼ਨ ਵਿਚੋਂ ਬਾਹਰ ਆਉਣ ਲਈ ਬਹੁਤ ਜ਼ਰੂਰੀ ਹੈ। ਸੋ ਅਜਿਹੇ ਮੌਕੇ ਪੈਦਾ ਕਰੋ ਕਿ ਮਰੀਜ਼ ਸਮਾਜਕ ਗਤੀਵਿਧੀਆਂ ਦਾ ਹਿੱਸਾ ਬਣੇ।
* ਰੋਜ਼ਾਨਾ ਜ਼ਿੰਦਗੀ ਵਿਚ ਇਕ ਨਿਤਨੇਮ ਬਣਾ ਕੇ ਚੱਲਣ ਨਾਲ ਜੀਵਨ ਵਿਚ ਜ਼ਿਆਦਾ ਫੁਰਤੀਲਾਪਣ ਆਉਂਦਾ ਹੈ। ਦਿਨ ਭਰ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਉਂਦੇ ਸਮੇਂ ਇਨ੍ਹਾਂ ਵਿਚ ਕੁਝ ਕਸਰਤ ਜਾਂ ਹੋਰ ਸਰੀਰਤ ਗਤੀਵਿਧੀਆਂ ਕਰਨ ਦਾ ਸਮਾਂ ਵੀ ਜ਼ਰੂਰ ਸ਼ਾਮਲ ਕਰੋ ਅਤੇ ਜਿਥੋਂ ਤੱਕ ਹੋ ਸਕੇ ਆਪਣੀ ਯੋਜਨਾ ਦੀ ਨਿਯਮਤ ਪਾਲਣਾ ਕਰੋ।

● ● ●

ਇਹ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕਿੱਥੇ ਜੰਮਿਆ, ਉਹਦੇ ਮਾਂ-ਪਿਓ ਦਾ ਨਾਂ ਕੀ ਸੀ ਜਾਂ ਉਹਦਾ ਆਪਣਾ ਨਾਂਅ ਕੀ ਸੀ, ਲੰਮਾ ਸੀ, ਛੋਟਾ ਸੀ, ਸ਼ਕਲੋਂ ਗੋਰਾ ਸੀ ਜਾਂ ਕਾਲਾ, ਸੋਹਣਾ ਸੀ ਜਾਂ ਨਹੀਂ। ਜੇ ਕੋਈ ਗੱਲ ਮਹੱਤਤਾ ਰੱਖਦੀ ਹੈ ਤਾਂ ਇਹ ਕਿ ਕਿਸੇ ਵਿਅਕਤੀ ਨੇ ਜੀਵਨ ਕਿਸ ਢੰਗ ਨਾਲ ਕਿੰਨਾ ਸੁਚੱਜਾ ਅਤੇ ਭਰਪੂਰ ਨਿਭਾਇਆ ਅਤੇ ਉਹ ਆਪਣੇ ਸੰਘਰਸ਼ ਅਤੇ ਤਜ਼ਰਬੇ ਤੋਂ ਕਿਸੇ ਲਈ ਸਿੱਖਣਯੋਗ ਅਤੇ ਲਾਭਦਾਇਕ ਕੀ ਦੇਣ ਦੇ ਗਿਆ।

ਡਾ. ਸਰਦਾਰਾ ਸਿੰਘ ਜੌਹਲ

('ਰੰਗਾਂ ਦੀ ਗਾਗਰ' 'ਚੋਂ)

ਕਾਵਿ-ਕਿਆਰੀ

ਕਵਿਤਾ / ਕਿਸਾਨ ਸੰਘਰਸ਼

ਸੁਰਿੰਦਰ ਮਕਸੂਦਪੁਰੀ



‘ਜਬੈ ਬਾਣ ਲਾਗੋ ॥
ਤਬੈ ਰੋਸ ਜਾਗਯੋ ॥’
ਗੁਰਬਾਣੀ ਕਥਨ ਮੁਤਾਬਿਕ
ਕਾਲੇ ਖੇਤੀ ਕਾਨੂੰਨਾਂ ਵਿਰੁੱਧ
ਰੋਸ ਮੁਜ਼ਾਹਰੇ ਕਰਦੇ
ਰੁਲਦੇ ਨੇ ਸੜਕਾਂ ’ਤੇ
ਠਰਦੇ ਨੇ ਬਰਫ਼ਾਂ ’ਚ
ਦੇਸ਼ ਦੇ ਕਿਰਤੀ ਕਿਸਾਨ ਕਾਮੇ
ਸਿੰਘੂ, ਟਿਕਰੀ, ਕੁੰਡਲੀ
ਗਾਜ਼ੀਪੁਰ ਤੇ ਹੋਰ
ਦਿੱਲੀ ਦੀਆਂ ਹੱਦਾਂ-ਸਰਹੱਦਾਂ ’ਤੇ

ਆਪਣੇ ਹੀ ਦੇਸ਼ ਦੇ ਬਸ਼ਿੰਦੇ
ਸੁੱਚੀ ਕਿਰਤ ਦੇ ਕਰਿੰਦੇ
ਕਿਸਾਨ ਸੰਘਰਸ਼ ਹੰਢਾਉਂਦੇ
‘ਪੰਗਤ ਤੇ ਸੰਗਤ’ ਦੇ ਹਾਮੀ
ਰੱਬ ਦਾ ਨਾਮ ਧਿਆਉਂਦੇ

ਮਤਰੇਈ ਮਾਂ ਦਿੱਲੀ ਕੋਲੋਂ
ਦਗ਼ੇਬਾਜ਼ ਸਿਰ ਹਿੱਲੀ ਕੋਲੋਂ
ਆਪਣੇ ਸੁਰੱਖਿਅਤ ਅਧਿਕਾਰ ਮੰਗਦੇ
ਜੰਗਲ ਵਿਚ ਮੰਗਲ ਲਾ ਕੇ
ਭਰ ਕੇ ਮੇਲੇ ਵਿਦਰੋਹੀ ਰੰਗ ਦੇ

ਇਕੱਲੇ ਹੀ ਤੁਰੇ ਸਨ ਘਰਾਂ ਤੋਂ
ਬਾਪੂ, ਬੀਬੀਆਂ, ਬੱਚੇ
ਨੌਜਵਾਨ ਕਿਸਾਨ
ਗਾਇਕ, ਕਲਾਕਾਰ, ਸਾਹਿਤਕਾਰ
ਜ਼ਮੀਨਾਂ ਵਾਲੇ ਜ਼ਮੀਰਾਂ ਵਾਲੇ
ਬਣ ਗੇ
ਕਾਫ਼ਲੇ-ਦਰ-ਕਾਫ਼ਲੇ
ਭੀੜਾਂ ਵਾਲੇ, ਵਹੀਰਾਂ ਵਾਲੇ

ਥੰਮ੍ਹ ਨਾ ਸਕੇ
ਜੋਸ਼, ਜਜ਼ਬੇ, ਜਨੂੰਨ ਨੂੰ
ਤੇਰੇ ਭੇਜੇ ਹਾਕਮਾਂ
ਪਾਣੀ ਦੀਆਂ ਤੋਪਾਂ
ਰਸਤਿਆਂ ਦੀਆਂ ਰੋਕਾਂ
ਸੰਗਲ, ਜ਼ੰਜੀਰਾਂ ਵਾਲੇ

ਰੋਕ ਨਾ ਸਕੇ
ਆਪ ਮੁਹਾਰੇ ਉਮੜ ਆਏ
ਜਨ ਸੈਲਾਬ ਨੂੰ
ਪੜ੍ਹ ਨਾ ਸਕੇ
ਕਾਨੂੰਨ ਦੇ ਘਾੜੇ
ਕਾਨੂੰਨ ਦੀ ਕਿਤਾਬ ਨੂੰ

ਪਰਤਣਗੇ ਨਹੀਂ ਖ਼ਾਲੀ
ਆਖ਼ਿਰ ਜਿੱਤਣਗੇ ਸੰਗਰਾਮੀਏ
ਹੱਕ-ਸੱਚ ਲਈ ਜੂਝਦੇ
ਮਰ ਮਿਟਣਗੇ ਸੰਗਰਾਮੀਏ !


ਫਿਰ ਗੂੰਜਣਗੇ ਫ਼ਿਜ਼ਾਂ ’ਚ ‘ਮਕਸੂਦਪੁਰੀ’
ਅੰਮ੍ਰਿਤਾ ਪ੍ਰੀਤਮ ਦੇ ਬੋਲ !
‘ਕਿੱਕਰਾਂ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਚੇਤ
ਜਾਗ ਪਈਆਂ ਅੱਜ ਪੈਲੀਆਂ
ਜਾਗ ਪਏ ਅੱਜ ਖੇਤ !
ਕਿੱਕਰਾਂ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਪੋਹ
ਹੱਕ ਜਿਨ੍ਹਾਂ ਦੇ ਆਪਣੇ
ਆਪ ਲੈਣਗੇ ਖੋਹ !’

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

ਕਵਿਤਾ/ ਲੋਕ ਕੁਰਸੀ ਵਾਲਿਆਂ ਤੋਂ

ਰਤਨ ਟਾਹਲਵੀ



ਮੇਰਾ ਵੇਖ ਕੇ ਦੁਪੱਟਾ ਸੂਹੇ ਰੰਗ ਦਾ।
ਨੀ ਮੁੰਡਿਆਂ ਨੂੰ ਗਸ਼ ਪੈ ਗਿਆ।
ਮੁੰਡਾ ਹਾਸੇ ਹਾਸੇ ਵਿੱਚ ਗੱਲ ਕਰਕੇ
ਨੀ ਮਰ ਜਾਣਾ ਦਿਲ ਲੈ ਗਿਆ।

ਮੇਰੇ ਮੁਖੜੇ ਨੂੰ ਚਾਨਣੀ 'ਚ ਤੱਕ ਕੇ,
ਨੀ ਚੰਨ ਨੂੰ ਤ੍ਰੇਲੀ ਆਂਵਦੀ।
ਫੜ ਕਾਲਜੇ ਨੂੰ ਬੈਠ ਜਾਂਦੇ ਲੋਕੀਂ
ਮੈਂ ਜਿਧਰੋਂ ਦੀ ਲੰਘ ਜਾਂਵਦੀ।
ਮੇਰੀ ਚੜ੍ਹਦੀ ਜਵਾਨੀ ਨੂੰ ਵੇਖ ਕੇ,
ਨੀ ਦੰਗ ਸਾਰਾ ਪਿੰਡ ਰਹਿ ਗਿਆ।
ਮੇਰਾ ਵੇਖ ਕੇ ਦੁਪੱਟਾ ਸੂਹੇ ਰੰਗ ਦਾ
ਨੀ ਮੁੰਡਿਆਂ ਨੂੰ ਗਸ਼ ਪੈ ਗਿਆ।

ਮੇਰੇ ਸੁਣ ਕੇ ਪ੍ਰੀਤ ਭਿੱਜੇ ਬੋਲ ਨੀ।
ਜਾਣ ਪੰਛੀ ਵੀ ਉੱਡਦੇ ਹੈ ਡੋਲ ਨੀ।
ਫਿਰ ਰਾਹ ਜਾਂਦੇ ਰਾਹੀ ਰੁਕ ਜਾਂਵਦੇ
ਕਹਿਣ ਦੋ ਪਲ ਬਹਿਣਾ ਤੇਰੇ ਕੋਲ ਨੀ।

ਅਸੀਂ ਹੋ ਗਏ ਦੀਵਾਨੇ ਹੁਣ ਤੇਰੇ
ਨੀ ਜਾਂਦਾ-ਜਾਂਦਾ ਕੋਈ ਕਹਿ ਗਿਆ।
ਮੇਰਾ ਵੇਖ ਦੁਪੱਟਾ ਸੂਹੇ ਰੰਗ ਦਾ
ਨੀ ਮੁੰਡਿਆਂ ਨੂੰ ਗਸ਼ ਪੈ ਗਿਆ।

ਮੈਂ ਸੋਹਣੀ ਵਾਂਗ ਲੱਗੀਆਂ ਨਿਭਾਵਾਂਗੀ।
ਪ੍ਰੀਤ ਦੁਨੀਆ ਨੂੰ ਕਰ ਵਿਖਾਵਾਂਗੀ।
ਸੋਹਣਾ ਰੱਬ ਨਾਲੋਂ ਲੱਗੇ ਮੇਰਾ ਯਾਰ ਨੀ।
ਉਹਦੇ ਕਰਨ ਦੀਦਾਰ ਰੋਜ਼ ਜਾਵਾਂਗੀ।
ਮੇਰਾ ਰਤਨ ਵਿਚਾਰਾ ਟਾਹਲੀ ਵਾਲਾ
ਨੀ ਲੱਖਾਂ ਭੈੜਾ ਦੁੱਖ ਸਹਿ ਗਿਆ।
ਮੇਰਾ ਵੇਖ ਕੇ ਦੁਪੱਟਾ ਸੂਹੇ ਰੰਗ ਦਾ
ਨੀ ਮੁੰਡਿਆਂ ਨੂੰ ਗਸ਼ ਪੈ ਗਿਆ।

ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨ੍ਹਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।
-ਸੰਤ ਰਾਮ ਉਦਾਸੀ

ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ। ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।

APPLICATIONS ARE INVITED UPTO 15.02.2026 FROM ELIGIBLE CANDIDATES

Application Regd. No._____

BABA MAKHAN SHAH LOBANA FOUNDATION (REGD.)

Sector-30A, Chandigarh-160030, Phone:73470-65188

APPLICATION FORM

Merit Cum-Means Scholarship for the Academic Year-2025-26

Affix Passport Size Photo

1. **Name of Applicant** _____
   (In Block Letters)
2. **(i) Father's Name:** _____
   (ii) Mother's Name: _____
   (iii) Occupation: _____
3. **Caste** _____
4. **Address for Correspondence:Village:-** _____ **Post Office :-**_____
   Police Station :-_____ **Tehsil :-** _____
   Distt :-_____**State :-**_____**Pin Code :-** _____
5. **Permanent Address**
   Contact No. Mobile: _____ **STD Code:** _____ **Landline:**_____
   E-mail: _____
6. **Class in which studying** _____
7. **Past performance and merit in the School/Board/ University (Last Two Years) : -**

Class	Board/University	Year of Passing	% (Percentage)	Remarks
				Indicate Board/University Examination (Attach Marks Sheet)
				Indicate Board/University Examination (Attach Marks Sheet)

8. **Were you granted scholarship last year: Yes/No**
   If Yes, Amount of Scholarship received (last year) _____ **Class**_____
9. **i) Annual income of Parents/Guardians in Rs.** _____ **p.a.**
   ii) Attach income certificate from the employer/ Payslip/other documents
   iii) Income verified by the Sarpanch or Member Panchayat/ Numberdar/Councillor

10. Signatures **a) Student: _____**

b) Father/Guardian: _____

11. Name of the Bank _____ Place _____

Account Holder's Name _____

Bank Account No. _____IFSC Code _____

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. **Self-attested photocopy of Marks Sheet.**
b. **Self-attested any other educational document etc.**
c. **No. of enclosures with the application.**

13. Certificate of the Head of the Institution: -

Certified that the applicant is a regular student of class _____ in this School/ College and particulars as shown above are correct.

Place _____ **Signature _____**

Dated _____ **Name _____**

Designation Stamp Seal

1. **Certified that the above facts stated are correct & true to the best of my knowledge.Recommended by the Executive Committee Member/ Working Committee Member/ Any Office Bearer of the BMSLFoundation (Regd.), Sector 30A, Chandigarh.**

Place _____ **Signature _____**

Dated _____ **(Name & Designation)**

FOR OFFICE USE ONLY

i) Date of application received _____

ii) Completion / correctness of the applicant By General Secretary _____

iii) No. of enclosures with the application_____

Recommended by _____ **Sanctioned/ Approved_____**

Convener/ Member of the Education Committee **President**



MATRIMONIAL



SEEKING MATCH FOR 22.10.1997 BORN, 5'9" SIKH AMRITDHARI LUBANA BOY, B. TECH (CIVIL ENGINEERING) GNE, LUDHIANA. WORKING AS A DESIGN ENGINEER AT CONGREUEX (USA-BASED MNC COMPANY. FAMILY – FATHER GOVT. EMPLOYEE (SDO IN PSPCL), MOTHER – HOMEMAKER & ELDER SISTER: SETTLED IN USA. RESIDEENCE – GILLCO VALLEY ROPAR. CONTACT: 9646148229, 9417359133

* * * * *

LOOKING SUITABLE MATCH FOR 21.05.1996 BORN, 5'8", LUBANA SIKH BOY, QUALIFICATION MBBS, JOB – MEDICAL OFFICER (PCMS) AT CIVIL HOSPITAL, KAPURTHALA. FAMILY – FATHER MECHANICAL ENGINEER (EX-BLOCK SAMITI MEMBER), MOTHER – PRINCIPAL (SARPANCH) & YOUNG SISTER – SETTLED IN CANADA. RESIDENCE VILL. KUKA, KAPURTHALA. CONTACT- 98728-05934

* * * * *

MATCH FOR 02.06.1998 BORN, FAIR COLOUR GIRL/ HEIGHT 5'6", EDUCATION – MD FROM PGI, WORKING AS PGI SR. RESIDENT DOCTOR, FAMILY – FATHER GOVT. JOB CHD. AS SUB INSPECTOR -PUNJAB POLICE, MOTHER – HOUSE WIFE, SIBLING- YOUNGER BROTHER SOFTWARE ENGINEER GURGAON (UNMARRIED), BOY PREFERENCE IN SAME FIELD OF DOCTOR OR ANY HIGHER POST RECOMMENDED & SHOULD BE FROM SIKH FAMILY. CONTACT – 9463515935, 7508911805

* * * * *

MATCH FOR HANDSOME LABANA SIKH 1997/6 FT, B. TECH + MBA, WORKING IN MNC, PARENTS GOVT. RETIRED. CONTACT – 94665-04766

* * * * *

MATCH FOR SLIM & HANDSOME BOY 17.09.1990 BORN, 5'5", BA, DCA, AMRITDHARI GRANTHI SINGH IN CHANDIGARH GURUDWARA. FATHER – TEACHER & MOTHER SGPC EMPLOYEE. FOR MORE DETAILS PLS CONTACT: 97798-88166

* * * * *

SEEKING SUITABLE MATCH FOR 03.04.1997 BORN/6'2", PUNJAB, INDIA (CAME TO THE USA AT AGE 2), EDUCATION- BECHELORS- COMPUTER ENGR. FROM UOP 2019 & MASTER OF COMPUTER ENGR. FROM SJSU, OCCUPATION – INFORMATION SYSTEM ANALYST FOR THE COUNTRY OF SAN JOAQUIN [GOVT. JOB] & 2ND JOB OPERATIONAL MANAGER FOR PS BAJWA INC. FATHER & MOTHER RESIDENCE IN MUKERIAN AND ONE SISTER MARRIED (LIVING IN PA) CONTACT – 001 209 9221122 (FATHER) 94174-27193 (WHATSAPP ONLY)

* * * * *

CANADIAN CITIZEN LOBANA SIKH HANDSOME, GRADUATE BOY 5'8"/1997. FAMILY IN CONSTRUCTION BUSINESS. FATHER SDO RETIRED, SISTER DOCTOR MARRIAGE. MARRIAGE BUREAU EXCUSE. CONTACT : +1 778 323 8718. EMAIL : LAKHIGHOTRA@YAHOO.COM

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਫਰਵਰੀ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਸ. ਸੁਖਵੰਤ ਸਿੰਘ	755	2000/-	11.02.2026
	296/11, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
2.	ਡਾ. ਅਮਰਜੀਤ ਸਿੰਘ ਧਾਲੀਵਾਲ	756	5100/-	11.02.2026
	ਗੁਰਦਾਸਪੁਰ (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
3.	ਸ. ਮਹਿੰਦਰ ਸਿੰਘ, ਡੀ.ਐਸ.ਪੀ. (ਰਿਟਾ.)	757	5000/-	11.02.2026
	ਮ. ਨੰ: 305, ਗੋਲਡਨ ਐਵਨਿਉ, ਜਲੰਧਰ। (ਚੰਦੋਆ ਸਾਹਿਬ ਦੀ ਸੇਵਾ)			
4.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ	758	5000/-	11.02.2026
	ਮ. ਨੰ. 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
5.	ਇੰਜ. ਬਲਜੀਤ ਸਿੰਘ ਭਗਤਾਨਾ	759	5000/-	11.02.2026
	ਮ. ਨੰ: 176,ਗੋਲਡਨ ਐਵਨਿਉ, ਫ਼ੇਸ-1, ਜਲੰਧਰ। (ਚੰਦੋਆ ਸਾਹਿਬ ਦੀ ਸੇਵਾ)			
6.	ਸ. ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ	760	5000/-	11.02.2026
	265, ਵਾਰਡ ਨੰ:17, ਸ਼ਾਸਤ੍ਰੀ ਕਲੋਨੀ, ਪਿਹੋਵਾਂ, ਹਰਿਆਣਾ। (ਚੰਦੋਆ ਸਾਹਿਬ ਦੀ ਸੇਵਾ)			
7.	ਸ. ਸੁਰਜੀਤ ਸਿੰਘ, ਵਿੱਤ ਸਕੱਤਰ	761	2000/-	12.02.2026
	ਮ. ਨੰ: 171, ਅਰਬਨ ਅਸਟੇਟ, ਕਪੂਰਥਲਾ। (ਚੰਦੋਆ ਸਾਹਿਬ ਦੀ ਸੇਵਾ)			
8.	ਸ. ਰਵਿੰਦਰ ਸਿੰਘ, ਸਕੱਤਰ	762	200/-	12.02.2026
	ਮ. ਨੰ: 2092, ਸੈਕਟਰ-45ਸੀ, ਚੰਡੀਗੜ੍ਹ।			
9.	ਇੰਸਪੈਕਟਰ ਪਰਮਜੀਤ ਸਿਘ	763	5000/-	12.02.2026
	ਮਕਸੂਦਾਂ, ਜਲੰਧਰ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
10.	ਸ. ਸੁਰਿੰਦਰ ਸਿੰਘ ਰੂਬੀ	764	5000/-	12.02.2026
	ਚੀਫ਼ ਆਡੀਟਰ ਲੁਬਾਣਾ ਸੇਵਕ (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
	ਐਚ.ਆਈ.ਜੀ. 16, ਜੀ.ਜੀ.ਐਸ.ਐਵਨਿਉ, ਜਲੰਧਰ।			
11.	ਸ. ਅਮਰਜੀਤ ਸਿੰਘ ਮੁਲਤਾਨੀ	765	500/-	12.02.2026
	ਮ. ਨੰ: 42, ਸੈਕਟਰ-16ਏ, ਚੰਡੀਗੜ੍ਹ।			
12.	ਸ਼੍ਰੀਮਤੀ ਨਰਿੰਦਰ ਕੌਰ	766	200/-	12.02.2026
	ਮ. ਨੰ: 326/2, ਸੈਕਟਰ-38ਏ, ਚੰਡੀਗੜ੍ਹ। (ਆੱਨਲਾਈਨ ਪ੍ਰਾਪਤ ਕੀਤੇ।)			
13.	ਸੂਬੇਦਾਰ ਮੇਜਰ ਜਸਪਾਲ ਸਿੰਘ	767	200/-	12.02.2026
	ਮੈਂਟੀਨੈਂਸ ਸਕੱਤਰ, ਮ. ਨੰ: 18, ਏ.ਕੇ.ਐਸ ਕਲੋਨੀ, ਜ਼ੀਰਕਪੁਰ।			
14.	ਇੰਜ. ਕਰਨੈਲ ਸਿੰਘ	768	5000/-	12.02.2026
	ਮ. ਨੰ: 503, ਜੀ.ਐਚ.14, ਸੈਕਟਰ-24, ਪੰਚਕੁਲਾ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
15.	ਸ. ਜਗੀਰ ਸਿੰਘ	769	200/-	12.02.2026
	ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ।			
16.	ਸ੍ਰੀ ਓਮ ਕੁਮਾਰ, ਕੰਟੀਨ	770	500/-	12.02.2026
	ਬ.ਮ.ਸ.ਲ. ਭਵਨ, ਸੈਕਟਰ-30ਏ, ਚੰਡੀਗੜ੍ਹ।			
17.	ਸ. ਅਮਰਜੀਤ ਸਿੰਘ ਮੁਲਤਾਨੀ	771	2100/-	12.02.2026
	ਮ. ਨੰ: 42, ਸੈਕਟਰ-16ਏ, ਚੰਡੀਗੜ੍ਹ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
18.	ਸੂਬੇਦਾਰ ਮੇਜਰ ਜਸਪਾਲ ਸਿੰਘ	772	2100/-	12.02.2026
	ਮੈਂਟੀਨੈਂਸ ਸਕੱਤਰ, ਮ. ਨੰ: 18, ਏ.ਕੇ.ਐਸ ਕਲੋਨੀ, ਜ਼ੀਰਕਪੁਰ। (ਚੰਦੋਆ ਸਾਹਿਬ ਦੀ ਸੇਵਾ)			

19.	ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)	773	5000/-	12.02.2026
	ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। (ਚੰਦੋਆ ਸਾਹਿਬ ਦੀ ਸੇਵਾ)			
20.	ਸ. ਰਵਿੰਦਰ ਸਿੰਘ, ਸਕੱਤਰ	774	2100/-	12.02.2026
	ਮ. ਨੰ: 2092, ਸੈਕਟਰ-45ਸੀ, ਚੰਡੀਗੜ੍ਹ। (ਚੰਦੋਆ ਸਾਹਿਬ ਦੀ ਸੇਵਾ)			
21.	ਕਰਨਲ ਗੁਰਦੀਪ ਸਿੰਘ, ਵੀ.ਪੀ. (ਹੈ.ਕੁ.)	775	5000/-	12.02.2026
	ਮ. ਨੰ: 62, ਸੈਕਟਰ-71, ਮੋਹਾਲੀ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
22.	ਸ. ਬਲਦੇਵ ਸਿੰਘ ਮੁੰਦਰ, ਸੀਨੀ. ਵੀ.ਪੀ.	776	5000/-	12.02.2026
	ਮ. ਨੰ: 926, ਸੈਕਟਰ-3, ਰਨਜੀਤ ਐਵਨਯੂ, ਅੰਮ੍ਰਿਤਸਰ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
23.	ਸ. ਸੁਖਜਿੰਦਰ ਸਿੰਘ	777	5000/-	13.02.2026
	ਵੀ.ਪੀ.ਓ. ਸਨੌਰ, ਨਜ਼ਦੀਕ ਭੋਗਪੁਰ, ਜਲੰਧਰ। (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
24.	ਸ. ਜਸਵੰਤ ਸਿੰਘ ਸਰਪੰਚ	778	5000/-	17.02.2026
	ਜਲਾਲਪੁਰ, ਹੁਸ਼ਿਆਰਪੁਰ। (ਚੰਦੋਆ ਸਾਹਿਬ ਦੀ ਸੇਵਾ)			
25.	ਸ਼੍ਰੀਮਤੀ ਸ਼ਵਿੰਦਰ ਕੌਰ	779	5100/-	18.02.2026
	ਸੁਪਤਨੀ ਗਰੁੱਪ ਕੈਪਟਨ ਰਘਬੀਰ ਸਿੰਘ (ਆੱਨਲਾਈਨ ਪ੍ਰਾਪਤ ਕੀਤੇ।) (ਚੰਦੋਆ ਸਾਹਿਬ ਦੀ ਸੇਵਾ)			
	ਕੇ-14, ਜਲਵਾਯੂ ਵਿਹਾਰ, ਹੀਰਾ ਨੰਦਨੀ ਗਾਰਡਨ, ਬੰਬੇ।			
26.	ਸ. ਹਰਬੰਸ ਸਿੰਘ	780	1100/-	21.02.2026
	ਮ. ਨੰ: 3701, ਸੈਕਟਰ-46ਸੀ, ਚੰਡੀਗੜ੍ਹ। (ਆਪਣੇ ਬੇਟੇ ਦੇ ਵਿਆਹ ਦੀ ਖੁਸ਼ੀ ਵਿਚ ਭਵਨ ਨੂੰਦਾਨ ਦਿੱਤੇ।)			
27.	ਸ. ਅਵਤਾਰ ਸਿੰਘ, ਡੀ.ਐਸ.ਪੀ. (ਰਿਟਾ.)	782	5000/-	21.02.2026
	ਮ.ਨੰ:17, ਰਮਨੀਕ ਨਗਰ, ਮਾਡਲ ਟਾਊਨ, ਜਲੰਧਰ। (ਚੰਦੋਆ ਸਾਹਿਬ ਦੀ ਸੇਵਾ)			
28.	ਸ. ਪਰਵਿੰਦਰ ਪਾਲ ਸਿੰਘ	783	5000/-	21.02.2026
	ਮ. ਨੰ: 1501, ਬਲਾਕ-ਬੀ, ਲਗਜ਼ੋਟਿਕ ਹੋਮਜ਼, ਜਲੰਧਰ। (ਚੰਦੋਆ ਸਾਹਿਬ ਦੀ ਸੇਵਾ)			
29.	ਕਰਨਲ ਹਰਵਿੰਦਰ ਪਾਲ ਸਿੰਘ	784	20,000/-	21.02.2026
	ਮ.ਨੰ:303, ਬਲਾਕ-ਈ, ਜਲੰਧਰ ਹਾਇਟਸ, ਜਲੰਧਰ। (ਸਿੰਘ ਸਾਹਿਬ ਗਿ. ਚੇਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੇਵਾ)			
30.	ਸ. ਵਰਿੰਦਰਜੀਤ ਸਿੰਘ	785	20,000/-	21.02.2026
	ਮ. ਨੰ: 177, ਅਜੀਤ ਨਗਰ, ਅੰਮ੍ਰਿਤਸਰ। (ਸਿੰਘ ਸਾਹਿਬ ਗਿ. ਚੇਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੇਵਾ)			
31.	ਇੰਜ. ਬਲਜੀਤ ਸਿੰਘ ਭਗਤਾਨਾ	786	10,000/-	21.02.2026
	ਮ. ਨੰ: 176, ਗੋਲਡਨ ਐਵਨਿਉ, ਫ਼ੇਸ-1, ਜਲੰਧਰ। (ਸਿੰਘ ਸਾਹਿਬ ਗਿ. ਚੇਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੇਵਾ)			
32.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ	787	5000/-	21.02.2026
	ਮ. ਨੰ: 2354, ਫ਼ੇਸ-10, ਮੋਹਾਲੀ। (ਚੰਦੋਆ ਸਾਹਿਬ ਦੀ ਸੇਵਾ)			

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਚਿੱਤਰ ਲੁਬਾਣਾ ਭਵਨ ਵਿਖੇ ਮਿਤੀ 21-02-2026 ਨੂੰ ਸੁਸ਼ੋਭਿਤ ਕੀਤਾ ਗਿਆ










ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਚਿੱਤਰ ਲੁਬਾਣਾ ਭਵਨ ਵਿਖੇ ਸੁਸ਼ੋਭਿਤ ਕਰਦੇ ਹੋਏ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ, ਸ. ਵਰਿੰਦਰਜੀਤ ਸਿੰਘ ਯੂ.ਐਸ.ਏ., ਪੀ.ਪੀ. ਸਿੰਘ ਪੀ.ਸੀ.ਐਸ., ਕਰਨਲ ਐਚ.ਪੀ. ਸਿੰਘ, ਸ. ਬਲਜੀਤ ਸਿੰਘ ਭਗਤਾਣਾ, ਸ. ਐਮ.ਪੀ. ਸਿੰਘ ਅਤੇ ਸਮੂਹ ਕਮੇਟੀ ਮੈਂਬਰਾਨ। ਇਸ ਮੌਕੇ ਸਿੰਘ ਸਾਹਿਬ ਗਿ. ਚੇਤ ਸਿੰਘ ਜੀ ਦੇ ਪਰਿਵਾਰ ਵੱਲੋਂ ਲੁਬਾਣਾ ਭਵਨ ਲਈ ਉਨ੍ਹਾਂ ਦੀ ਯਾਦ ਨੂੰ ਸਮਰਪਿਤ 50,000 ਰੁਪਏ ਦਾਨ ਦਿੱਤੇ ਗਏ।

Postal No. - Jallandhar Vide No. L-4/PB/JL-0196/2024-2026

ਮਿਤੀ 12-02-2026 ਨੂੰ ਬਅਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਫੱਗਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ







ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ 21-02-2026 ਦਿਨ ਸ਼ਨੀਵਾਰ ਨੂੰ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਹੋਈ



ਵਿੱਤ ਕਮੇਟੀ ਦੀ ਮੀਟਿੰਗ ਮਿਤੀ 21-02-2026 ਦਿਨ ਸ਼ਨੀਵਾਰ ਨੂੰ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਹੋਈ

